Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 19 *Issue 21 Monday, February 03, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸੰਯੁਕਤ ਰਾਸ਼ਟਰ ਦੀ ਸਕਿਉਰਿਟੀ ਕਾਉਂਸਲ ਸੀਟ ਲਈ ਟਰੂਡੋ ਨੂੰ ਕਰਨਾ ਹੋਵੇਗਾ ਕਾਫੀ ਕੰਮ



ਓਟਵਾ, 2 ਫਰਵਰੀ (ਪੋਸਟ ਬਿਊਰੋ) : ਆਬਜ਼ਰਵਰਜ਼ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੰਯੁਕਤ ਰਾਸ਼ਟਰ ਦੀ ਸਕਿਊਰਿਟੀ ਕਾਊਂਸਲ ਵਿੱਚ ਕੈਨੇਡਾ ਨੂੰ ਸੀਟ ਦਿਵਾਉਣ ਲਈ ਕਾਫੀ ਕੰਮ ਕਰਨਾ ਹੋਵੇਗਾ। ਇਸ ਹਫਤੇ ਟਰੂਡੋ ਅਫਰੀਕਾ ਦੇ ਦੌਰੇ ਉੱਤੇ ਜਾ ਰਹੇ ਹਨ।

ਬਹੁਤ ਸਾਰੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਟਰੂਡੋ ਦਾ ਅਫਰੀਕਾ ਦੌਰਾ ਕਾਫੀ ਛੋਟਾ ਹੈ ਤੇ ਇਹ ਕਾਫੀ ਦੇਰ ਨਾਲ ਕੀਤਾ ਜਾ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਵਿਦੇਸ਼ੀ ਮਦਦ ਤੇ ਸੰਯੁਕਤ ਰਾਸ਼ਟਰ ਦੀ ਪੀਸਕੀਪਿੰਗ ਫੋਰਸ ਲਈ ਕੈਨੇਡਾ ਵੱਲੋਂ ਕਰਮਚਾਰੀਆਂ ਦਾ ਪਾਇਆ ਗਿਆ ਯੋਗਦਾਨ ਇਸ ਸਮੇਂ ਹਮੇਸ਼ਾਂ ਨਾਲੋਂ ਘੱਟ ਹੈ। ਉਨ੍ਹਾਂ ਦੀ ਸਰਕਾਰ ਉੱਤੇ ਲਗਾਤਾਰ ਅਫਰੀਕਾ, ਜੋ ਕਿ ਸੰਯੁਕਤ ਰਾਸ਼ਟਰ ਵਿੱਚ ਅਹਿਮ ਵੋਟਿੰਗ ਬਲਾਕ ਹੈ, ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ ਲੱਗਦਾ ਰਿਹਾ ਹੈ। ਪਰ ਹੁਣ ਅਚਾਨਕ ਹੀ ਲਿਬਰਲਾਂ ਨੂੰ ਇਸ ਤੇਜ਼ੀ ਨਾਲ ਵਿਕਸਤ ਹੋ ਰਹੇ ਮਹਾਦੀਪ ਦੀ ਸਿਆਸੀ ਕੀਮਤ ਦਾ ਪਤਾ ਚੱਲ ਗਿਆ ਹੈ।

ਟਰੂਡੋ ਇਥੋਪੀਆ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਲਈ ਆਦਿਸ਼ ਅਬਾਬਾ ਜਾਣਗੇ ਅਤੇ ਫਿਰ ਸੀਨੇਗਲ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਲਈ ਡਕਾਰ ਦਾ ਦੌਰਾ ਕਰਨ ਤੋਂ ਪਹਿਲਾਂ ਅਫਰੀਕੀ ਯੂਨੀਅਨ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ। ਕੌਮਾਂਤਰੀ ਸਹਿਯੋਗ ਲਈ ਕੈਨੇਡੀਅਨ ਕਾਉਂਸਲ ਦੇ ਪ੍ਰੈਜ਼ੀਡੈਂਟ ਨਿਕੋਲਸ ਮੋਯਰ ਦਾ ਕਹਿਣਾ ਹੈ ਕਿ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਅਫਰੀਕਾ ਵੋਟਿੰਗ ਬਲਾਕ ਦੇ 50 ਤੋਂ ਵੱਧ ਦੇਸ਼ਾਂ ਦੇ ਸਮਰਥਨ ਤੋਂ ਬਿਨਾਂ ਸਕਿਊਰਿਟੀ ਕਾਉਂਸਲ ਲਈ ਕੈਨੇਡਾ ਦੀ ਮੁਹਿੰਮ ਕਿਸੇ ਤਣ ਪੱਤਣ ਨਹੀਂ ਲੱਗਣ ਵਾਲੀ। 2021 ਵਿੱਚ ਸ਼ੁਰੂ ਹੋਣ ਜਾ ਰਹੇ ਕਾਰ–ਜਕਾਲ ਲਈ ਦੋ ਸਾਲਾਂ ਵਾਸਤੇ ਜੂਨ ਵਿੱਚ ਪੈਣ ਜਾ ਰਹੀ ਵੋਟ ਲਈ ਕੈਨੇਡਾ ਦਾ ਮੁਕਾਬਲਾ ਨੌਰਵੇਅ ਤੇ ਆਇਰਲੈਂਡ ਨਾਲ ਹੈ। ਇਹ ਦੋਵੇਂ ਦੇਸ਼ ਵਿਦੇਸ਼ੀ ਮਦਦ ਤੇ ਪੀਸਕੀਪਿੰਗ ਲਈ ਕੈਨੇਡਾ ਨਾਲੋਂ ਕਿਤੇ ਜ਼ਿਆਦਾ ਖਰਚ ਕਰਦੇ ਹਨ।

## ਅੰਦਰ ਪੜ੍ਹੋ

ਅੱਤਵਾਦੀ ਵੱਲੋਂ ਚਾਕੂ ਨਾਲ ਹਮਲਾ, ਕਈ ਲੋਕ ਜ਼ਖ਼ਮੀ, ਹਮਲਾਵਰ ਮਾਰਿਆ ਗਿਆ




ਪੰਨਾ 03

ਵੱਡੇ ਬਾਦਲ ਨੇ ਸੰਗਰੂਰ ਰੈਲੀ ਵਿੱਚ ਢੀਂਡਸਿਆਂ ਬਾਰੇ ਚੁੱਪ ਤੋੜੀ



ਪੰਨਾ 04

## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮੀਰਪੁਰ ਖਾਸ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮੀਰਪੁਰ ਖਾਸ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਹੁਣ ਭਾਰਤ ਵਿੱਚ ਬਣੇ ਲਾਇਸੰਸ ਟੋਰਾਂਟੋ ਵਿੱਚ ਵੈਰੀਫਾਈ ਕਰਵਾ ਸਕਣਗੇ ਭਾਰਤੀ ਨਾਗਰਿਕ

ਟੋਰਾਂਟੋ, 2 ਫਰਵਰੀ (ਪੋਸਟ ਬਿਊਰੋ) : ਭਾਰਤ ਸਰਕਾਰ ਦੇ ਰੋਡ ਟਰਾਂਸਪੋਰਟ ਐਂਡ ਹਾਈਵੇਅ ਮੰਤਰਾਲੇ ਵੱਲੋਂ ਭਾਰਤ ਦੇ ਸਾਰੇ ਰਾਜਾਂ/ਜਿਲ੍ਹਿਆਂ ਦੇ ਇੰਡੀਅਨ ਮੋਟਰ ਡਰਾਈਵਿੰਗ ਲਾਇਸੰਸਾਂ ਦੇ ਸਾਂਝੇ ਡਾਟਾਬੇਸ ਲਈ ਪਲੇਟਫਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ ਜਿਸ ਨੂੰ ਪਰੀਵਾਹਨਸੇਵਾ ਦਾ ਨਾਂ ਦਿਤਾ ਗਿਆ ਹੈ।

Consulate General of India
Toronto, Canada

ਇਸ ਪਲੇਟਫਾਰਮ ਉਤੇ website - https://parivahan.gov.in/rcdl status/?pur_cd=101 ਦੀ ਵਰਤੋਂ ਕਰਕੇ ਭਾਰਤੀ ਡਰਾਈਵਿੰਗ ਲਾਇਸੰਸ ਨੰਬਰ ਤੇ ਲਾਇਸੰਸ ਧਾਰਕ ਦੀ ਉਮਰ ਦੀ ਵਰਤੋਂ ਕਰਕੇ ਭਾਰਤੀ ਡਰਾਈਵਿੰਗ ਲਾਇਸੰਸਾਂ ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ...ਬਾਕੀ ਪੰਨਾ 6 'ਤੇ

## ਦੇਸ਼ ਪਰਤਣ ਵਾਲੇ 325 ਕੈਨੇਡੀਅਨਾਂ ਦੀ ਮਦਦ ਕਰੇਗੀ ਫੌਜ



ਟੋਰਾਂਟੋ, 2 ਫਰਵਰੀ (ਪੋਸਟ ਬਿਊਰੋ) : ਵੂਹਾਨ, ਚੀਨ ਤੋਂ ਫੈਡਰਲ ਸਰਕਾਰ ਦੇ ਭੇਜੇ ਚਾਰਟਰਡ ਜਹਾਜ਼ ਵਿੱਚ ਦੇਸ਼ ਪਰਤਣ ਵਾਲੇ ਕੈਨੇਡੀਅਨਾਂ ਨੂੰ ਸਹਿਯੋਗ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇਣਗੀਆਂ। ਇਹ ਖੁਲਾਸਾ ਡਿਫੈਂਸ ਸਟਾਫ ਦੇ ਚੀਫ ਜਨਰਲ ਜੇਐਚ ਵਾਂਸ ਵੱਲੋਂ ਕੀਤਾ ਗਿਆ।

ਸੀਏਐਫ ਮੈਡੀਕਲ ਟੀਮਾਂ ਵੀ ਸਰਕਾਰੀ ਅਧਿਕਾਰੀਆਂ ਨਾਲ ਟ੍ਰੈਂਟਨ, ਓਨਟਾਰੀਓ ਦੇ ਕੈਨੇਡੀਅਨ ਫੋਰਸਿਜ਼ ਬੇਸ ਉੱਤੇ ਪਹੁੰਚਣ ਵਾਲੇ ਕੈਨੇਡੀਅਨਾਂ ਦੀ ਮਦਦ ਕਰਨਗੀਆਂ। ਵਾਂਸ ਨੇ ਟ੍ਰੈਂਟਨ, ਓਨਟਾਰੀਓ ਵਾਸੀਆਂ ਨੂੰ ਇਹ ਯਕੀਨ ਦਿਵਾਇਆ ਹੈ ਕਿ ਆਪਣੇ ਸਾਥੀ ਕੈਨੇਡੀਅਨ ਨਾਗਰਿਕਾਂ ਦੇ ਵੂਹਾਨ ਤੋਂ ਪਰਤਣ ਮਗਰੋਂ ਉਨ੍ਹਾਂ ਨੂੰ ਮੈਡੀਕਲ ਨਿਗਰਾਨੀ ਤੇ ਮੁਲਾਂਕਣ ਲਈ ਰੱਖੇ ਜਾਣ ਦੌਰਾਨ ਸਥਾਨਕ ਕੈਨੇਡੀਅਨਾਂ ਨੂੰ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਖਤਰਾ ਨਹੀਂ ਹੋਵੇਗਾ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance, Critical illness Ins, Travel & Visitor Ins, RESP & TFSA & RRSP
Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੈਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate, Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished Legal Basement, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Cockroaches, Spiders & Fleas, Carpenter Ants, Bedbugs, Silver Fish, Wasps, Racoons
Call : PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at: 218 Kingknoll Dr., Brampton, ON L6Y 4X4

# ਅੱਤਵਾਦੀ ਵੱਲੋਂ ਚਾਕੂ ਨਾਲ ਹਮਲਾ, ਕਈ ਲੋਕ ਜ਼ਖ਼ਮੀ, ਹਮਲਾਵਰ ਮਾਰਿਆ ਗਿਆ



ਲੰਡਨ, 2 ਫਰਵਰੀ, (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਡਨ ਦੇ ਰਿਹਾਇਸ਼ੀ ਇਲਾਕੇ ਸਟ੍ਰੀਡਮ ਵਿੱਚ ਐਤਵਾਰ ਨੂੰ ਇੱਕ ਹਮਲਾਵਰ ਨੇ ਬੈਗ ਵਿਚ ਬੰਬ ਰੱਖ ਕੇ ਚਾਕੂ ਮਾਰ ਕੇ ਕਈ ਲੋਕ ਜ਼ਖ਼ਮੀ ਕਰ ਦਿੱਤੇ। ਹੋਰ ਨੁਕਸਾਨ ਕਰਨ ਤੋਂ ਪਹਿਲਾਂ ਪੁਲਿਸ ਨੇ ਉਸ ਨੂੰ ਮੁਕਾਬਲੇ ਵਿਚ ਮਾਰ ਦਿੱਤਾ।

ਲੰਡਨ ਪੁਲਿਸ ਦੀ ਵੈਸਟਰਨ ਸਕਿਓਰਟੀ ਦੇ ਸੂਤਰਾਂ ਨੇ ਇਸ ਨੂੰ ਇਸਲਾਮਿਕ ਅੱਤਵਾਦ ਦੀ ਵਾਰਦਾਤ ਦੱਸਿਆ ਤੇ ਪੁਲਿਸ ਨੇ ਟਵੀਟ ਕੀਤਾ, ‘ਦੱਖਣੀ ਲੰਡਨ ਦੇ ਸਟ੍ਰੀਡਮ ਵਿੱਚ ਪੁਲਿਸ ਨੇ ਹਮਲਾਵਰ ਨੂੰ ਮਾਰ ਦਿੱਤਾ ਹੈ। ਮੰਨਿਆ ਜਾਂਦਾ ਹੈ ਕਿ ਉਸ ਨੇ ਚਾਕੂ ਨਾਲ ਹਮਲਾ ਕਰ ਕੇ ਕਈ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ ਹੈ। ਹਾਲਾਤ ਉੱਤੇ ਵਿਚਾਰ ਕੀਤੀ ਜਾ ਰਹੀ ਹੈ। ਇਸ ਨੂੰ ਅੱਤਵਾਦੀ ਵਾਰਦਾਤ ਐਲਾਨਿਆ ਜਾਂਦਾ ਹੈ।’

ਮੁਕਾਬਲੇ ਵਾਲੀ ਥਾਂ ਕੋਲ ਕੰਮ ਕਰ ਰਹੇ ਇੱਕ ਵਿਅਕਤੀ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਹਮਲਾਵਰ ਨੂੰ ਤਿੰਨ ਗੋਲ਼ੀਆਂ ਮਾਰੀਆਂ ਗਈਆਂ ਸਨ। ਪੁਲਿਸ ਨੇ ਇਲਾਕਾ ਖ਼ਾਲੀ ਕਰਵਾ ਦਿੱਤਾ ਸੀ, ਕਿਉਂਕਿ ਹਮਲਾਵਰ ਦੇ ਬੈਗ ਵਿਚ ਬੰਬ ਦੇਖਿਆ ਗਿਆ ਸੀ। ਟੇਮਜ਼ ਨਦੀ ਦੇ ਦੱਖਣ ਵੱਲ ਦੇ ਰਿਹਾਇਸ਼ੀ ਇਲਾਕੇ ਸਟ੍ਰੀਡਮ ਦੀ ਇਸ ਘਟਨਾ ਬਾਰੇ ਟਵਿਟਰ ਉੱਤੇ ਕਈ ਵੀਡੀਓ ਸਾਂਝੇ ਕੀਤੇ ਗਏ ਹਨ। ਹਮਲੇ ਦੌਰਾਨ ਇਲਾਕੇ ਦੀ ਘੇਰਾਬੰਦੀ ਕਰ ਕੇ ਪੁਲਸ ਨੇ ਵੱਡੀ ਗਿਣਤੀ ਵਿਚ ਫੋਰਸ ਸੱਦ ਲਈ ਅਤੇ ਹੈਲੀਕਾਪਟਰ ਨਾਲ ਵੀ ਇਸ ਉੱਤੇ ਨਜ਼ਰ ਰੱਖੀ ਹੈ।

ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਟਵੀਟ ਕਰ ਕੇ ਕਿਹਾ ਕਿ ‘ਸਟ੍ਰੀਡਮ ਦੀ ਵਾਰਦਾਤ ਵਿੱਚ ਤੁਰੰਤ ਪ੍ਰਤੀਕਿਰਿਆ ਦੇਣ ਲਈ ਸਾਰੀਆਂ ਐਮਰਜੈਂਸੀ ਸੇਵਾਵਾਂ ਦਾ ਧੰਨਵਾਦ। ਪੁਲਿਸ ਨੇ ਇਸ ਨੂੰ ਅੱਤਵਾਦੀ ਹਮਲਾ ਐਲਾਨਿਆ ਹੈ। ਜ਼ਖ਼ਮੀਆਂ ਤੇ ਪ੍ਰਭਾਵਤਾਂ ਪ੍ਰਤੀ ਮੇਰੀ ਹਮਦਰਦੀ ਹੈ।’ ਮੇਅਰ ਸਾਦਿਕ ਖ਼ਾਨ ਨੇ ਇਕ ਬਿਆਨ ਵਿਚ ਕਿਹਾ, ‘ਅੱਤਵਾਦੀ ਸਾਨੂੰ ਵੰਡਣਾ ਤੇ ਸਾਡੀ ਜੀਵਨ ਸ਼ੈਲੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਲੰਡਨ ਵਿਚ ਅਸੀਂ ਉਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿਆਂਗੇ।’

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Some Conditions Apply
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

OPEN HOUSE On Feb 2nd From 2:00 to 4:00 pm
DOON SOUTH - KITCHENER
“ 4 BEDROOM HOME”
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777

IN - LAW SUITE
“LUXURIOUS - LARGE CUSTOM 2 STORY IN - LAW SUIT FINISHED WALK OUT BASEMENT”
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7’’ baseboards ad large casings, the 9’’ main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777

IN - LAW SUITE
“BEAUTIFUL BUNGALOW 3/4 ACRE LOT IN-LAW SUITE”
1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
Call Joseph today 519-575-2777

IN - LAW SUITE 2018
Gated Executive Community
Large Custom Built Bungalow
OPEN HOUSE On Feb 2nd From 2:00 to 4:00 pm
“EXECUTIVE LARGE FAMILY HOME IN-LAW SUITE”
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) “Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !” R. MISTRY, Kitchener
2) “ I value Joseph’s knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਕਰਤੀ ਰੈਲੀ ਸੰਗਰੂਰ ਵਿੱਚ ਬਾਦਲਾਂ ਨੇ,
ਸਾਰੇ ਭਾਸ਼ਣ ਸੀ ਗਰਮ ਤੋਂ ਗਰਮ ਬੇਲੀ।
ਮੁੜ-ਮੁੜ ਭੰਡਿਆ ਸਾਰਿਆਂ ਢੀਂਡਸੇ ਨੂੰ,
ਕਹਿੰਦੇ ਲੱਥ ਜਾਊ ਓਸ ਦਾ ਭਰਮ ਬੇਲੀ।
ਟੋਣੇ ਬਹੁਤ ਸੀ ਲਾਏ ਗਏ ਕਾਂਗਰਸ'ਤੇ,
ਕੀਤਾ ਕਿਸੇ ਨੇ ਵਾਰ ਨਹੀਂ ਨਰਮ ਬੇਲੀ।
ਕਹਿੰਦੇ ਸਾਡੇ ਲਈ ਪਿੱਛੋਂ ਹੈ ਰਾਜਨੀਤੀ,
ਗੱਦੀ ਪਿੱਛੋਂ ਤੇ ਪਹਿਲਾਂ ਹੈ ਧਰਮ ਬੇਲੀ।
ਕੀਤੀ ਪਿਛਾਂਹ ਗਈ ਕੌਰ ਜਗੀਰ ਬੀਬੀ,
ਬੋਲਣ ਜੋਗਾ ਵੀ ਦਿੱਤਾ ਨਾ ਵਕਤ ਬੇਲੀ।
ਆਇਆ ਨਜ਼ਰ ਮਜੀਠੀਆ ਨਹੀਂ ਹੈਸੀ,
ਰੜਕੇ ਕਿਤੇ ਨਹੀਂ ਓਸ ਦੇ ਭਗਤ ਬੇਲੀ।

**ਤੀਸ ਮਾਰ ਖਾਂ**

# ਵੱਡੇ ਬਾਦਲ ਨੇ ਸੰਗਰੂਰ ਰੈਲੀ ਵਿੱਚ ਢੀਂਡਸਿਆਂ ਬਾਰੇ ਚੁੱਪ ਤੋੜੀ

### * ਮਜੀਠੀਆ ਤੇ ਹਰਸਿਮਰਤ ਕੌਰ ਰੈਲੀ ਵਿੱਚ ਨਹੀਂ ਆਏ * ਜਗੀਰ ਕੌਰ ਪਿੱਛੇ ਬਿਠਾਈ ਗਈ, ਬੋਲਣ ਵੀ ਨਹੀਂ ਦਿੱਤਾ

ਸੰਗਰੂਰ, 2 ਫਰਵਰੀ, (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਆਪਣੇ ਪੁਰਾਣੇ ਜੋਟੀਦਾਰ ਸੁਖਦਵੇ ਸਿੰਘ ਢੀਂਡਸਾ ਅਤੇ ਉਸ ਦੇ ਪਰਿਵਾਰ ਦੀ ਬਗਾਵਤ ਬਾਰੇ ਚੁੱਪ ਤੋੜ ਦਿੱਤੀ ਹੈ। ਢੀਂਡਸਿਆਂ ਦਾ ਗੜ੍ਹ ਗਿਣੇ ਜਾਂਦੇ ਸੰਗਰੂਰ ਵਿੱਚ ਹੋਈ ਅਕਾਲੀ ਰੈਲੀ ਵਿਚ ਵੱਡੇ ਬਾਦਲ ਨੇ ਕਿਹਾ ਕਿ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਨ ਵਾਲਾ ਟਕਸਾਲੀ ਨਹੀਂ ਹੁੰਦਾ। ਉਨ੍ਹਾ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਉਨ੍ਹਾਂ ਦੀ ਸਿਰਫ ਸਿਆਸੀ ਨਹੀਂ, ਸਗੋਂ ਪਰਿਵਾਰਕ ਕੰਮਾਂ ਵਿਚ ਵੀ ਉਨ੍ਹਾਂ ਦੀ ਰਾਏ ਲੈਂਦੇ ਸਨ। ਬਾਦਲ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਪਾਰਟੀ ਨੇ ਏਨਾ ਮਾਣ ਦਿੱਤਾ ਸੀ, ਉਨ੍ਹਾਂ ਨੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।

ਹੈਰਾਨੀ ਦੀ ਗੱਲ ਇਹ ਸੀ ਕਿ ਅੱਜ ਸੰਗਰੂਰ ਵਿਖੇ ਅਕਾਲੀ ਦਲ ਦੀ ਰੈਲੀ ਵਿਚ ਜਦੋਂ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਦਾ ਵੱਡਾ ਹਿੱਸਾ ਅਤੇ ਭਾਜਪਾ ਦੇ ਆਗੂ ਵੀ ਮੌਜੂਦ ਸਨ, ਓਦੋਂ ਯੂਥ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਇਸ ਵਿੱਚ ਦਿਖਾਈ ਨਹੀਂ ਦਿੱਤੇ ਤੇ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਵੀ ਰੈਲੀ ਵਿੱਚ ਨਹੀਂ ਆਏ। ਜਦੋਂ ਢੀਂਡਸਾ ਪਿਤਾ-ਪੁੱਤਰ ਦੇ ਗੜ੍ਹ ਵਿਚ ਹੋਈ ਰੈਲੀ ਨੂੰ ਸਫਲ ਕਰਨ ਲਈ ਅਕਾਲੀ ਦਲ ਦਾ ਸਾਰਾ ਜ਼ੋਰ ਲੱਗਾ ਪਿਆ ਸੀ, ਇਸ ਰੈਲੀ ਵਿਚ ਬਾਦਲ ਪਰਿਵਾਰ ਦਾ ਅੰਗ ਗਿਣੇ ਜਾਂਦੇ ਬਿਕਰਮ ਸਿੰਘ ਮਜੀਠੀਆ ਦਾ ਨਾ ਪਹੁੰਚਣਾ ਚਰਚਾ ਦਾ ਵਿਸ਼ਾ ਬਣ ਗਿਆ। ਇਸ ਰੈਲੀ ਵਿਚ ਸੁਖਬੀਰ ਸਿੰਘ ਬਾਦਲ ਦੀ ਪਤਨੀ ਅਤੇ ਅਕਾਲੀ ਦਲ ਦੀ ਇਕਲੌਤੀ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ, ਜਿਹੜੀ ਬਿਕਰਮ ਸਿੰਘ ਮਜੀਠੀਆ ਦੀ ਭੈਣ ਹੈ, ਵੀ ਨਹੀਂ ਆਈ। ਤੀਸਰੀ ਹੈਰਾਨੀ ਵਾਲੀ ਗੱਲ ਇਹ ਹੋਈ ਕਿ ਸੰਗਰੂਰ ਤੇ ਬਰਨਾਲਾ ਦੇ ਆਗੂਆਂ ਨਾਲ ਮੰਚ ਉੱਤੇ ਮੌਜੂਦ ਇਸ ਪਾਰਟੀ ਦੇ ਲਗਪਗ ਸਾਰੇ ਆਗੂਆਂ ਨੇ ਭਾਸ਼ਣ ਕੀਤਾ ਸੀ, ਪਰ ਓਥੇ ਮੌਜੂਦ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਨਹੀਂ ਬੋਲਣ ਦਿੱਤਾ ਗਿਆ। ਉਸ ਨੂੰ ਬੈਠਣ ਲਈ ਕੁਰਸੀ ਵੀ ਪਹਿਲੀ ਕਤਾਰ ਦੇ



ਲੀਡਰਾਂ ਵਿਚ ਦੇਣ ਦੀ ਬਜਾਏ ਦੂਸਰੀ ਕਤਾਰ ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਪਿੱਛੇ ਦਿੱਤੀ ਗਈ।

ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਿਸੇ ਵੀ ਲੀਡਰ ਦੀਆਂ ਤਿੰਨ ਮਾਵਾਂ ਹੁੰਦੀਆਂ ਹਨ, ਇਕ ਜਨਮ ਦੇਣ ਵਾਲੀ, ਦੂਜੀ ਧਰਤੀ ਮਾਂ ਅਤੇ ਤੀਜੀ ਮਾਂ ਪਾਰਟੀ ਹੁੰਦੀ, ਜਿਹੜੀ ਉਸ ਨੂੰ ਇੱਜ਼ਤ ਦਿੰਦੀ ਹੈ, ਜੇ ਕੋਈ ਮਾਂ ਪਾਰਟੀ ਨਾਲ ਧੋਖਾ ਕਰੇ ਤਾਂ ਇਸ ਤੋਂ ਮਾੜੀ ਗੱਲ ਕੀ ਹੈ। ਉਨ੍ਹਾ ਕਿਹਾ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਸਭ ਤੋਂ ਵੱਧ ਮਾਣ ਸੁਖਦੇਵ ਸਿੰਘ ਢੀਂਡਸਾ ਤੇ ਰਣਜੀਤ ਸਿੰਘ ਬ੍ਰਹਮਪੁਰਾ ਦਾ ਕੀਤਾ ਸੀ ਤੇ ਸਿਆਸੀ ਹੀ ਨਹੀਂ, ਪਰਿਵਾਰਕ ਫੈਸਲੇ ਵੀ ਇਨ੍ਹਾਂ ਦੋਵਾਂ ਦੀ ਸਲਾਹ ਨਾਲ ਕੀਤੇ, ਪਰ ਪਾਰਟੀ ਦੀ ਲੋੜ ਵੇਲੇ ਇਨ੍ਹਾਂ ਨੇ ਧੋਖਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੇ ਆਪਣੇ ਪੁੱਤਰ ਪਰਮਿੰਦਰ ਸਿੰਘ ਦੀ ਇੱਜ਼ਤ ਵੀ ਖਰਾਬ ਕਰ ਦਿੱਤੀ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਰੈਲੀ ਵਿੱਚ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਬਾਰੇ ਕਿਹਾ ਕਿ ਪਾਰਟੀ ਨੇ ਢੀਂਡਸਾ ਪਰਿਵਾਰ ਨੂੰ ਮਾਣ-ਸਨਮਾਨ ਦਿੱਤਾ, ਜਦੋਂ ਤੱਕ ਅਹੁਦੇ ਮਿਲਦੇ ਰਹੇ, ਪਾਰਟੀ ਓਦੋਂ ਤੱਕ ਠੀਕ ਸੀ, ਜਦੋਂ ਅਹੁਦੇ ਦੇਣੇ ਬੰਦ ਕੀਤੇ ਤਾਂ ਪਾਰਟੀ ਮਾੜੀ ਹੋ ਗਈ। ਉਨ੍ਹਾ ਕਿਹਾ ਕਿ ਜਿੰਨੇ ਵੀ ਟਕਸਾਲੀ ਹਨ, ਸਾਰੇ ਜਾਅਲੀ ਹਨ। ਉਨ੍ਹਾਂ ਢੀਂਡਸਾ ਪਰਿਵਾਰ ਨੂੰ ਸਿੱਧੀ ਚੁਣੌਤੀ ਦਿੱਤੀ ਕਿ ਜਿੰਨਾ ਮਰਜ਼ੀ ਜ਼ੋਰ ਲਾਓ, ਵਰਕਰਾਂ ਦਾ ਸਮਰਥਨ ਸਾਡੇ ਨਾਲ ਹੈ ਅਤੇ ਅਕਾਲੀ ਦਲ ਨੂੰ ਖੋਖਲਾ ਕਰਨ ਵਾਲੇ ਕਾਂਗਰਸ ਦੇ ਯਾਰ ਹਨ। ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਨੇ ਕਿਹਾ ਕਿ ਸੌ ਸਾਲ ਪੁਰਾਣਾ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਨਹੀਂ, ਕੌਮ ਦੀ ਜਾਇਦਾਦ ਹੈ। ਉਨ੍ਹਾਂ ਕਿਹਾ ਕਿ ਬੀਤੇ ਸਾਲਾਂ ਵਿਚ ਸੰਗਰੂਰ ਵਿਚ ਏਡਾ ਇਕੱਠ ਕਦੇ ਨਹੀਂ ਹੋਇਆ, ਜਿੱਡਾ ਅੱਜ ਹੋਇਆ ਹੈ। ਸੁਖਬੀਰ ਸਿੰਘ ਬਾਦਲ ਨੇ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨ ਲਈ ਵੀ ਵੰਗਾਰਿਆ ਤੇ ਕਿਹਾ ਕਿ ਭਾਵੇਂ ਭਲਕੇ ਚੋਣ ਕਰਵਾ ਲਓ, ਤੁਹਾਡੀ ਹਾਰ ਹੋਵੇਗੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ, ਰੋਜ਼ ਇਹੋ ਸੁਣਨ ਨੂੰ ਮਿਲਦਾ ਹੈ ਕਿ ਖਜ਼ਾਨਾ ਖਾਲੀ ਹੈ। ਉਨ੍ਹਾਂ ਕਿਹਾ ਕਿ ਇਕ ਮਹੀਨੇ ਲਈ ਮੈਨੂੰ ਚਾਰਜ ਦਿਓ, ਮੈਂ ਖਜ਼ਾਨਾ ਭਰ ਦੇਵਾਂਗਾ। ਰੈਲੀ ਵਿੱਚ ਜਥੇਦਾਰ ਤੋਤਾ ਸਿੰਘ, ਗੋਬਿੰਦ ਸਿੰਘ ਲੌਂਗੋਵਾਲ, ਸਿਕੰਦਰ ਸਿੰਘ ਮਲੂਕਾ, ਪ੍ਰੇਮ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਮਹੇਸ਼ਇੰਦਰ ਸਿੰਘ ਗਰੇਵਾਲ, ਬਲਦੇਵ ਸਿੰਘ ਮਾਨ, ਦਲਜੀਤ ਸਿੰਘ ਚੀਮਾ ਅਤੇ ਹੋਰ ਕਈ ਆਗੂ ਵੀ ਹਾਜ਼ਰ ਸਨ।

## ਅੰਤਰਰਾਸ਼ਟਰੀ ਹਿੰਦੂ ਮਹਾਸਭਾ ਦੇ ਪ੍ਰਧਾਨ ਦੀ ਹੱਤਿਆ

### * ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਵਾਰਦਾਤ



ਲਖਨਊ, 2 ਫਰਵਰੀ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਹਜਰਤਗੰਜ ਵਿਚ ਐਤਵਾਰ ਸਵੇਰੇ ਅੰਤਰਰਾਸ਼ਟਰੀ ਹਿੰਦੂ ਮਹਾਸਭਾ ਦੇ ਪ੍ਰਧਾਨ ਰਣਜੀਤ ਬਚਨ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਗਿਆ ਹੈ। ਉਹ ਆਪਣੇ ਦੋਸਤ ਅਸ਼ੀਸ਼ ਸ੍ਰੀਵਾਸਤਵ ਨਾਲ ਸਵੇਰ ਦੀ ਸੈਰ ਲਈ ਗਏ ਸਨ ਕਿ ਘਾਤ ਲਾ ਕੇ ਬੈਠੇ ਬਾਈਕ ਸਵਾਰ ਦੋ ਜਣਿਆਂ ਨੇ ਉਨ੍ਹਾਂ ਦੇ ਸਿਰ ਵਿਚ ਕਈ ਗੋਲ਼ੀਆਂ ਮਾਰ ਦਿੱਤੀਆਂ। ਗੋਲੀ 9 ਐੱਮ ਐੱਮ ਪਿਸਟਲ ਨਾਲ ਚਲਾਈ ਦੱਸੀ ਗਈ ਸੀ। ਰਣਜੀਤ ਬੱਚਨ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਹਮਲੇ ਵਿਚ ਉਨ੍ਹਾਂ ਦਾ ਦੋਸਤ ਅਸ਼ੀਸ਼ ਜ਼ਖ਼ਮੀ ਹੋ ਗਿਆ, ਜਿਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਲਖਨਊ ਦੇ ਬਹੁਤ ਜ਼ਿਆਦੀ ਭੀੜ ਵਾਲੇ ਖੇਤਰ ਵਿਚ ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਪੁਲਸ ਮੌਕੇ ਉੱਤੇ ਗਈ ਤੇ ਹਮਲਾਵਰਾਂ ਦੀ ਭਾਲ ਸ਼ੁਰੂ ਕੀਤੀ। ਮੌਕੇ ਉੱਤੇ ਪੁਲਿਸ ਕਮਿਸ਼ਨਰ ਸਣੇ ਕਈ ਵਡੇ ਅਧਿਕਾਰੀ ਪਹੁੰਚੇ, ਪਰ ਹੱਤਿਆ ਦੇ ਕਾਰਨ ਦਾ ਖੁਲਾਸਾ ਅਜੇ ਨਹੀਂ ਹੋਇਆ।

ਮੂਲ ਰੂਪ ਵਿਚ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਆਪਣੇ ਖੇਤਰ ਗੋਰਖਪੁਰ ਦੇ ਵਸਨੀਕ ਰਣਜੀਤ ਬਚਨ ਅੱਜ ਕੱਲ੍ਹ ਹਜਰਤਗੰਜ ਇਲਾਕੇ ਵਿਚ ਰਹਿੰਦੇ ਸਨ। ਉਹ ਸਮਾਜਵਾਦੀ ਪਾਰਟੀ ਦੇ ਕੁਝ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਵੀ ਸਰਗਰਮ ਸਨ। ਪਤਾ ਲੱਗਾ ਹੈ ਕਿ ਗਲੋਬ ਪਾਰਕ ਤੋਂ ਨਿਕਲਦੇ ਸਾਰ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਗਿਆ। ਵਰਨਣ ਯੋਗ ਹੈ ਕਿ ਪਿਛਲੇ ਸਾਲ ਏਸੇ ਸ਼ਹਿਰ ਵਿੱਚ ਹਿੰਦੂਵਾਦੀ ਨੇਤਾ ਕਮਲੇਸ਼ ਤਿਵਾੜੀ ਨੂੰ ਉਨ੍ਹਾਂ ਦੇ ਘਰ ਵਿੱਚ ਵੜ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਮਗਰੋਂ ਇਸ ਵੱਡੇ ਹਿੰਦੂਵਾਦੀ ਆਗੂ ਦੇ ਕਤਲ ਨਾਲ ਇਸ ਰਾਜ ਦਾ ਮਾਹੌਲ ਭੋਖਿਆ ਪਿਆ ਹੈ। ਸਮਾਜਵਾਦੀ ਪਾਰਟੀ ਦੇ ਨੇਤਾ ਅਨੁਰਾਗ ਭਦੌਰੀਆ ਨੇ ਰਣਜੀਤ ਬਚਨ ਦੀ ਹੱਤਿਆ ਪਿੱਛੋਂ ਰਾਜ ਦੀ ਭਾਜਪਾ ਸਰਕਾਰ ਉੱਤੇ ਨਿਸ਼ਾਨਾ ਸਾਧਿਆ ਅਤੇ ਮੁੱਖ ਮੰਤਰੀ ਯੋਗੀ ਅਦਿੱਤਆਨਾਥ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

# ਨਿਰਭੈਆ ਕੇਸ: ਦੋਸ਼ੀਆਂ ਨੂੰ ਜਲਦੀ ਫਾਂਸੀ ਦੇਣ ਦੀ ਅਰਜ਼ੀ ਉੱਤੇ ਹਾਈ ਕੋਰਟ ਦਾ ਫ਼ੈਸਲਾ ਰਾਖਵਾਂ

ਨਵੀਂ ਦਿੱਲੀ, 2 ਫਰਵਰੀ, (ਪੋਸਟ ਬਿਊਰੋ)- ਨਿਰਭੈਆ ਬਲਾਤਕਾਰ ਤੇ ਕਤਲ ਕੇਸ ਦੇ ਦੋਸ਼ੀਆਂ ਨੂੰ ਜਲਦੀ ਫਾਂਸੀ ਦੇਣ ਦੀ ਮੰਗ ਲਈ ਕੇਂਦਰ ਸਰਕਾਰ ਦੀ ਅਰਜ਼ੀ ਉੱਤੇ ਦਿੱਲੀ ਹਾਈ ਕੋਰਟ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਸੁਣਨ ਤੋਂ ਬਾਅਦ ਆਪਣਾ ਫ਼ੈਸਲਾ ਹਾਲ ਦੀ ਘੜੀ ਰਾਖਵਾਂ ਰੱਖ ਲਿਆ ਹੈ।

ਅੱਜ ਐਤਵਾਰ ਨੂੰ ਅਦਾਲਤ ਵਿੱਚ ਕੇਂਦਰ ਸਰਕਾਰ ਦਾ ਪੱਖ ਰੱਖਦੇ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਦੋਸ਼ੀਆਂ ਵੱਲੋਂ ਜਾਣ-ਬੁੱਝ ਕੇ ਦੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਿਆਂ ਦੇ ਹਿੱਤ ਵਿੱਚ ਫਾਂਸੀ ਦੇਣ ਲਈ ਦੇਰੀ ਨਹੀਂ ਹੋਣੀ ਚਾਹੀਦੀ ਤੇ ਦੋਸ਼ੀਆਂ ਨੂੰ ਜਲਦੀ ਫਾਂਸੀ ਦੇਣੀ ਚਾਹੀਦੀ ਹੈ। ਸਾਲਿਸਟਰ ਜਨਰਲ ਨੇ ਕੋਰਟ ਨੂੰ ਕਿਹਾ ਕਿ ਦੋਸ਼ੀਆਂ ਵੱਲੋਂ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੀ ਰਹਿਮ ਦੀ ਅਰਜ਼ੀ ਰੱਦ ਹੋ ਗਈ, ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ, ਫਾਂਸੀ ਦਿੱਤੀ ਜਾਵੇ। ਉਨ੍ਹਾ ਕਿਹਾ ਕਿ ਦੋਸ਼ੀਆਂ ਦੀਆਂ ਹਰਕਤਾਂ ਬਹੁਤ ਘਿਨੌਣੀਆਂ ਸਨ ਤੇ ਸਮਾਜ ਦੀ ਅੰਤਰ ਆਤਮਾ ਝੰਜੋੜੀ ਗਈ ਸੀ, ਇਸ ਲਈ ਉਨ੍ਹਾਂ ਦੀ ਫਾਂਸੀ ਵਿੱਚ ਦੇਰੀ ਨਹੀਂ ਹੋਣੀ ਸਕਦੀ। ਇਸ ਮੌਕੇ ਉਨ੍ਹਾਂ ਨੇ ਕੋਰਟ ਨੂੰ ਦੱਸਿਆ ਕਿ ਜੇਲ੍ਹ



ਨਿਯਮਾਂ ਅਨੁਸਾਰ ਕਿਸੇ ਇਕ ਦੋਸ਼ੀ ਦੀ ਅਰਜ਼ੀ ਲਟਕੀ ਹੋਵੇ ਤਾਂ ਬਾਕੀਆਂ ਦੀ ਫਾਂਸੀ ਵੀ ਰੋਕ ਦਿੱਤੀ ਜਾਵੇਗੀ। ਹੇਠਲੀ ਅਦਾਲਤ ਨੇ ਇਸ ਨੂੰ ਆਧਾਰ ਬਣਾ ਕੇ ਸਾਰੇ ਦੋਸ਼ੀਆਂ ਦੀ ਫਾਂਸੀ ਮੁਲਤਵੀ ਕੀਤੀ ਸੀ, ਪਰ ਇਹ ਨਿਯਮ ਰਹਿਮ ਦੀ ਅਪੀਲ ਨਾਲ ਸਬੰਧ ਨਹੀਂ ਰੱਖਦਾ। ਦੋਸ਼ੀ ਮੁਕੇਸ਼ ਨੇ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ। ਉਸ ਨੇ ਰਹਿਮ ਦੀ ਅਰਜ਼ੀ ਰੱਦ ਹੋਣ ਦੇ ਫੈਸਲੇ ਨੂੰ ਵੀ ਚੁਣੌਤੀ ਦਿੱਤੀ ਤਾਂ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ ਸੀ। ਫਿਰ ਦੋਸ਼ੀ ਮੁਕੇਸ਼ ਨੇ ਹੇਠਲੀ ਅਦਾਲਤ ਨੂੰ ਕਿਹਾ ਕਿ ਉਹ ਰਹਿਮ ਦੀ ਨਵੀਂ ਅਰਜ਼ੀ ਦੇਣ ਬਾਰੇ ਸੋਚ ਰਿਹਾ ਹੈ, ਪਰ ਨਵੀਂ ਅਰਜ਼ੀ ਉਦੋਂ ਦਾਇਰ ਹੋ ਸਕਦੀ ਹੈ, ਜਦੋਂ ਉਸ ਵਿੱਚ ਕਿਸੇ ਬਦਲਾਅ ਦੀ ਲੋੜ ਹੋਵੇ।

ਦੂਸਰੇ ਪਾਸੇ ਦੋਸ਼ੀ ਵਿਨੇ, ਅਕਸ਼ੈ ਤੇ ਪਵਨ ਲਈ ਬਚਾਅ ਪੱਖ ਦੇ ਵਕੀਲ ਏ ਪੀ ਸਿੰਘ ਨੇ ਅਦਾਲਤ ਨੂੰ ਕਿਹਾ ਕਿ ਜੇਲ੍ਹ ਦੇ ਨਿਯਮ 836 ਅਤੇ 858 ਦੋਸ਼ੀਆਂ ਨੂੰ ਇਹ ਅਧਿਕਾਰ ਦਿੰਦੇ ਹਨ ਕਿ ਉਹ ਬਚੇ ਹੋਏ ਕਾਨੂੰਨੀ ਬਦਲ ਦੀ ਵਰਤੋਂ ਕਰ ਸਕਦੇ ਹਨ। ਸ਼ਤਰੂਘਨ ਬਨਾਮ ਯੂ ਓ ਆਈ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਸੰਵਿਧਾਨ ਵਿੱਚ ਫਾਂਸੀ ਦੇਣ ਦਾ ਕੋਈ ਪੱਕਾ ਸਮਾਂ ਨਹੀਂ ਦਿੱਤਾ ਗਿਆ, ਰਹਿਮ ਦੀ ਅਪੀਲ ਰੱਦ ਹੋਣ ਮਗਰੋਂ ਵੀ ਫਾਂਸੀ ਦੇਣ ਲਈ 14 ਦਿਨ ਸਮਾਂ ਮਿਲਦਾ ਹੈ, ਸਿਰਫ਼ ਇਸੇ ਕੇਸ ਵਿੱਚ ਇੰਨੀ ਜਲਦਬਾਜ਼ੀ ਕਿਉਂ ਹੋ ਰਹੀ ਹੈ?

## ਕੋਰੋਨਾ ਵਾਇਰਸ ਮਾਮਲਾ: ਵੂਹਾਨ ਤੋਂ ਬ੍ਰਿਟੇਨ ਆਏ 480 ਲੋਕ ਲਾਪਤਾ ਹੋਣ ਪਿੱਛੋਂ ਪ੍ਰਸ਼ਾਸਨ ਵੱਲੋਂ ਐਡਵਾਈਜ਼ਰੀ ਜਾਰੀ

ਲੰਡਨ, 2 ਫਰਵਰੀ, (ਪੋਸਟ ਬਿਊਰੋ)- ਬ੍ਰਿਟਿਸ਼ ਅਧਿਕਾਰੀ ਇਸ ਵੇਲੇ ਚੀਨ ਦੇ ਵੂਹਾਨ ਤੋਂ ਆਏ ਉਨ੍ਹਾਂ ਸੈਂਕੜੇ ਲੋਕਾਂ ਨੂੰ ਲੱਭ ਰਹੇ ਹਨ, ਜਿਹੜੇ ਕੋਰੋਨਾ ਵਾਇਰਸ ਦੇ ਫੈਲਣ ਪਿੱਛੋਂ ਉਥੋਂ ਖਿਸਕ ਆਏ ਸਨ। ਇਸ ਪਿੱਛੋਂ ਬ੍ਰਿਟਿਸ਼ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਸੰਭਾਲ ਮੁਹਿੰਮ ਨੂੰ ਅਖਬਾਰਾਂ ਤੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤਾ ਜਾ ਰਿਹਾ ਹੈ।

ਡੇਲੀ ਮੇਲ ਦੀ ਖਬਰ ਮੁਤਾਬਕ ਸਰਕਾਰੀ ਅਧਿਕਾਰੀ ਇਸ ਵੇਲੇ ਕਰੀਬ 480 ਲੋਕਾਂ ਨੂੰ ਲੱਭ ਰਹੇ ਹਨ, ਜਿਹੜੇ 9 ਦਿਨ ਪਹਿਲਾਂ ਚੀਨ ਦੇ ਸ਼ਹਿਰ ਵੂਹਾਨ ਤੋਂ ਆਏ ਸਨ। ਵਿਦੇਸ਼ ਦਫਤਰ ਅਤੇ



ਦੇਸ਼ ਦੇ ਸਿਹਤ ਵਿਭਾਗ ਨੇ ਵੂਹਾਨ ਤੋਂ ਆਏ ਲੋਕਾਂ ਦੇ ਫਰਾਰ ਹੋਣ ਦੀ ਪੁਸ਼ਟੀ ਨਹੀਂ ਕੀਤੀ। ਇਸ ਦੌਰਾਨ ਸਿਹਤ ਵਿਭਾਗ ਨੇ ਇਸ ਵਾਇਰਸ ਤੋਂ ਬਚਣ ਲਈ ਮੁਹਿੰਮ ਵੀ ਸ਼ੁਰੂ ਕੀਤੀ ਹੈ, ਜਿਸ ਵਿਚ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਛਿੱਕਣ ਜਾਂ ਖੰਘਣ ਸਮੇਂ ਟਿਸ਼ੂ ਦੀ ਵਰਤੋਂ ਕੀਤੀ ਜਾਵੇ ਤੇ ਆਪਣੇ ਹੱਥਾਂ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਚੰਗੀ ਤਰ੍ਹਾਂ ਸਾਬਣ ਨਾਲ ਧੋਤਾ ਕੀਤਾ ਜਾਵੇ।

## ਫਰੀਦਕੋਟ ਰਿਆਸਤ ਦੇ ਸ਼ਾਹੀ ਟਰੱਸਟ ਦਾ ਫ਼ੈਸਲਾ ਹਾਈ ਕੋਰਟ ਵੱਲੋਂ ਰਾਖਵਾਂ

ਫਰੀਦਕੋਟ, 2 ਫਰਵਰੀ (ਪੋਸਟ ਬਿਊਰੋ)- ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਵੱਲੋਂ ਫੀਰਦਕੋਟ ਰਿਆਸਤ ਦੀ ਅਰਬਾਂ ਰੁਪਏ ਦੀ ਸ਼ਾਹੀ ਜਾਇਦਾਦ ਅਤੇ ਵਿਰਾਸਤ ਦੀ ਸੰਭਾਲ ਲਈ ਬਣਾਏ ਗਏ ਮਹਾਰਾਵਲ ਖੇਵਾ ਜੀ ਟਰੱਸਟ ਦੀ ਹੋਂਦ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ।

ਮਹਾਰਾਵਲ ਖੇਵਾ ਜੀ ਟਰੱਸਟ ਅਤੇ ਫਰੀਦਕੋਟ ਰਿਆਸਤ ਦੀ ਆਖਰੀ ਰਾਜਕੁਮਾਰੀ ਅੰਮ੍ਰਿਤ ਕੌਰ ਦਾ ਪੱਖ ਸੁਣਨ ਮਗਰੋਂ ਹਾਈ ਕੋਰਟ ਨੇ ਇਸ ਕੇਸ ਦੇ ਲਈ ਫ਼ੈਸਲਾ ਰਾਖਵਾਂ ਰੱਖਿਆ ਹੈ। ਵਰਨਣ ਯੋਗ ਹੈ ਕਿ ਫਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਬਰਾੜ ਨੇ 1989 ਵਿੱਚ ਸ਼ਾਹੀ ਵਸੀਅਤ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਸ਼ਾਹੀ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਸੀ ਅਤੇ ਵਸੀਅਤ ਦੇ ਆਧਾਰ ਉਤੇ ਮਹਾਰਾਵਲ ਖੇਵਾ ਜੀ ਟਰੱਸਟ ਸਥਾਪਤ ਕੀਤਾ ਗਿਆ ਸੀ, ਜਿਹੜਾ ਹਾਲੇ ਤੱਕ ਫਰੀਦਕੋਟ ਰਿਆਸਤ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਦੀ ਸੰਭਾਲ ਕਰਦਾ ਹੈ, ਜਿਸ ਵਿੱਚ ਦੋ ਸ਼ਾਹੀ ਕਿਲ੍ਹੇ, ਰਾਜ ਮਹਿਲ, ਦਸ ਹਜ਼ਾਰ ਏਕੜ ਜ਼ਮੀਨ, ਅਸਲਾ ਖਾਨਾ, ਰੋਲਸ ਗੱਡੀਆਂ, ਅਸਤਬਲ, ਹੀਰੇ ਜਵਾਹਰਾਤ ਤੇ ਨਕਦੀ ਸ਼ਾਮਲ ਹਨ।

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh - Lic. Auto Body Technician/Lic. Mec.
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Toronto $2,150 — For Lease
Bathurst & Lake Shore: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

Toronto $179,000 — barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

Vaughan $219,000 — Photo Not Available
120 Whitmore Rd 15: Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

Mississauga $199,900 — Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Mississauga $299,000 — GINO'S PIZZA
136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

Brampton $249,000 — Photo Not Available
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

Shelburne $399,999
328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

Waterloo $399,000 — Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

Mississauga $399,900 — Photo Not Available
7120 Pacific Circ B: Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

Burlington $2,650,000
Northshore Blvd To Eagle :Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

Mississauga $1,699,000
Qew And Hurontario :Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

Oshawa $659,000 — Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Toronto $899,900
29 Phillip Ave:
For any information call Paramjeet Deol at 905-405-8484.

Brampton $983,000
87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

Mississauga $1,100,000
Mavis/Derry:Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

Brampton $1,900,000 — Photo Not Available
115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਘੋੜਿਆਂ ਦੇ ਬਰੀਡਜ਼ ਸ਼ੋਅ ਕਰਵਾਉਣਾ ਵਧੀਆ ਉਪਰਾਲਾ : ਕਾਂਗੜ

### ਤੀਸਰੇ ਦਿਨ ਵੱਖ ਵੱਖ ਮੁਕਾਬਲਿਆਂ 'ਚ ਜੇਤੂ ਪਸ਼ੂ ਪਾਲਕਾਂ ਨੂੰ ਇਨਾਮ ਵੰਡੇ






ਫਰੀਦਕੋਟ, 2 ਫਰਵਰੀ (ਗਿਆਨ ਸਿੰਘ): ਨੁਕਰੇ ਅਤੇ ਮਾਰਵਾੜੇ ਘੋੜਿਆਂ ਦੇ ਬਰੀਡਜ਼ ਸ਼ੋਅ ਫ਼ਰੀਦਕੋਟ ਵਿਖੇ ਕਰਵਾਉਣਾ ਉੱਦਮ ਅਤੇ ਮਾਣ ਵਾਲੀ ਗੱਲ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਹੋਰਸ ਬਰੀਡਰਜ਼ ਸੁਸਾਇਟੀ ਵੱਲੋਂ 4 ਰੋਜ਼ਾਂ ਕਰਵਾਏ ਜਾ ਰਹੇ ਮੇਲੇ ਦੇ ਤੀਸਰੇ ਦਿਨ ਪਸ਼ੂ ਪਾਲਕਾਂ ਨੂੰ ਇਨਾਮ ਵੰਡਣ ਸਮੇਂ ਕੀਤਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ, ਹਰਿਆਣਾ, ਯੂ.ਪੀ., ਦਿੱਲੀ, ਮਹਾਂਰਾਸ਼ਟਰ, ਰਾਜਸਥਾਨ ਤੇ ਗੁਜਰਾਤ ਸਮੇਤ ਹੋਰ ਕਈ ਰਾਜਾਂ ਦੇ ਘੋੜਾ ਪਾਲਕ ਸ਼ਿਰਕਤ ਕਰ ਰਹੇ ਹਨ ਜੋ ਕਿ ਬੜੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਉਮੀਦਾ ਜ਼ਾਹਿਰ ਕੀਤੀ ਕਿ ਇਨ੍ਹਾਂ ਸ਼ੋਅ ਜਾਂ ਘੋੜਾ ਮੇਲੇ ਕਰਵਾਉਣ ਨਾਲ ਲੋਕਾਂ ਵਿੱਚ ਘੋੜਾ ਪਾਲਣ ਦੇ ਕਿੱਤੇ ਨੂੰ ਹੁਲਾਰਾ ਮਿਲੇਗਾ ਅਤੇ ਇਸ ਨਾਲ ਨਸਲ ਸੁਧਾਰ ਵੀ ਆਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨਸਲ ਸੁਧਾਰ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਘੋੜੇ ਘੋੜੀ ਪਾਲਕਾਂ ਨੂੰ ਇਕ ਇਕ ਲੱਖ ਰੁਪਏ ਦਾ ਇਨਾਮ ਦੇਣ ਨਾਲ ਪਸ਼ੂ ਪਾਲਕਾਂ ਦੀ ਹੌਂਸਲਾ ਅਫ਼ਜਾਈ ਹੋਵੇਗੀ । ਇਸ ਤੋਂ ਇਲਾਵਾ ਦੂਜੇ ਸਥਾਨ ਤੇ ਆਉਣ ਵਾਲੇ ਜਾਨਵਰਾਂ ਨੂੰ ਵਿਸ਼ੇਸ਼ ਇਨਾਮ ਦੇਣਾ ਸਾਰਥਿਕ ਕਦਮ ਹੈ।

ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਅਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਫਰੀਦਕੋਟ ਵਿਖੇ ਸੁਸਾਇਟੀ ਵੱਲੋਂ ਦੂਜਾ ਨੁਕਰੇ ਅਤੇ ਮਾਰਵਾੜੇ ਘੋੜਿਆਂ ਬਰੀਡਜ਼ ਸ਼ੋਅ ਜੋਕਿ 3 ਫਰਵਰੀ ਨੂੰ ਸਮਾਪਤ ਹੋਵੇਗਾ। ਇਸ ਮੇਲੇ ਦੇ ਇਨਾਮ ਵੰਡ ਸਮਾਰੋਹ ਲਈ ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ 3 ਫਰਵਰੀ ਨੂੰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਜੇਤੂ ਘੋੜਾ ਪਾਲਕਾਂ ਨੂੰ ਇਨਾਮ ਤਕਸੀਮ ਕਰਨਗੇ। ਇਨ੍ਹਾਂ ਮੁਕਾਬਲਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਵਿੱਚ ਘੋੜਾ ਪਾਲਣ ਦੇ ਕਿੱਤੇ ਵਿੱਚ ਹੋਰ ਰੁੱਚੀ ਵਧੇਗੀ।

ਸੁਸਾਇਟੀ ਦੇ ਸਕੱਤਰ ਐਡਵੋਕੇਟ ਪਿੰਦਰ ਸਿੰਘ ਬਰਾੜ ਸ਼ੇਰੇਵਾਲਾ ਨੇ ਦੱਸਿਆ ਕਿ ਹੁਣ ਤੱਕ ਸਿਰਪੱਟ ਅਤੇ ਘੋੜਿਆਂ ਦੀ ਚਾਲ,ਦੁਧ ਦੰਦ ਬੱਚਿਆਂ, ਦੁੱਧ ਦੰਦ ਮਾਰਵਾੜੀ ਦੇ ਦੰਦ ਨੁਕਰਾ ਦੇ ਮੁਕਾਬਲੇ ਅਤੇ ਦੌ ਦੰਦ ਮਾਰਵਾੜੀ ਅਤੇ ਵੱਡੇ ਨੁਕਰਾ ਘੋੜੇ ਘੋੜੀਆਂ ਦੇ ਮੁਕਾਬਲੇ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 03 ਫਰਵਰੀ ਨੂੰ ਮਾਰਵਾੜੀ ਘੋੜੇ ਘੋੜੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਨੁਕਰਾ ਤੇ ਮਾਰਵਾੜੀ ਨਸਲ ਦੇ ਅਲੱਗ ਅਲੱਗ ਬੈਸਟ ਐਨੀਮੈਲ ਦਾ ਐਲਾਨ ਕੀਤਾ ਜਾਵੇਗਾ। ਜਿਸ ਵਿਚ ਅਵਲ ਆਉਣ ਵਾਲੇ ਜਾਨਵਰਾਂ ਦੇ ਦੌ ਮਾਲਕਾਂ ਨੂੰ ਮੌਟਰ ਸਾਈਕਲ ਇਨਾਮ ਦਿੱਤੇ ਜਾਦਗੇ। ਪਿੰਦਰ ਸ਼ੇਰੇਵਾਲਾ ਨੇ ਦੱਸਿਆ ਕਿ ਇਨਾਂ ਮੁਕਾਬਿਲਆਂ ਵਿਚ ਹਿੱਸਾ ਲੈਣ ਵਾਲੇ ਘੋੜਾ ਪਾਲਕਾਂ ਦੀ ਰਿਹਾਇਸ਼ ਖਾਣ ਪੀਣ ਤੌਂ ਇਲਾਵਾ ਜਾਨਵਰਾਂ ਦੇ ਰਹਿਣ ਤੇ ਖਾਣ ਦਾ ਪ੍ਰਬੰਧ ਵੀ ਸੁਸਾਇਟੀ ਵੱਲੋਂ ਕੀਤਾ ਗਿਆ ਹੈ।

ਇਸ ਮੌਕੇ ਅਰਪੀ ਗਿੱਲ, ਰਣਜੀਤ ਸਿੰਘ ਚੈਨਾ, ਜਗਤਾਰ ਸਿੰਘ ਤੁੰਗਵਾਲੀ, ਪਰਮਿੰਦਰ ਬਹਿਬਲ, ਯਾਦਵਿੰਦਰ ਬਰਕੰਦੀ, ਸੰਦੀਪ ਪਾਲਮਵਾਲਾ, ਤਾਰੀ ਲੀਲਾਂ, ਹੈਪੀ ਦਾਦ, ਸਰਬਜੋਤ ਇਆਲੀ, ਪਿੰਦਰ ਮੌੜ ਆਦਿ ਹਾਜ਼ਰ ਸਨ।

# ਦਿੱਲੀ ਚੋਣਾਂ: ਪਾਕਿਸਤਾਨੀ ਮੰਤਰੀ ਨੇ ਲੋਕਾਂ ਨੂੰ ਭਾਜਪਾ ਨੂੰ ਹਰਾਉਣ ਦਾ ਸੱਦਾ ਦੇ ਮਾਰਿਆ!

### * ਕੇਜਰੀਵਾਲ ਵੱਲੋਂ ਪਾਕਿ ਮੰਤਰੀ ਦੇ ਸੱਦੇ ਦਾ ਤਿੱਖਾ ਵਿਰੋਧ

ਇਸਲਾਮਾਬਾਦ, 2 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਜਦੋਂ ਪੂਰੇ ਭਾਰਤ ਦੇ ਲੋਕਾਂ ਦੀਆਂ ਨਜ਼ਰਾਂ ਇਸ ਉੱਤੇ ਲੱਗੀਆਂ ਹੋਈਆਂ ਹਨ, ਓਦੋਂ ਪਾਕਿਸਤਾਨ ਵਿਚ ਵੀ ਇਸ ਬਾਰੇ ਉਤਸੁਕਤਾ ਵੇਖੀ ਜਾ ਰਹੀ ਹੈ। ਓਥੋਂ ਦੇ ਇਕ ਮੰਤਰੀ ਨੇ ਇਹ ਰਾਏ ਦੇ ਮਾਰੀ ਹੈ ਕਿ ਦਿੱਲੀ ਦੇ ਵੋਟਰ ਵੋਟ ਕਿਸ ਨੂੰ ਵੋਟ ਦੇਣ ਅਤੇ ਕਿਸ ਨੂੰ ਨਾ ਦੇਣ। ਆਪਣੇ ਵਿਵਾਦਿਤ ਬਿਆਨਾਂ ਕਾਰਨ ਇਹ ਮੰਤਰੀ ਪਹਿਲਾਂ ਵੀ ਸੁਰਖੀਆਂ ਵਿਚ ਰਹਿੰਦਾ ਹੈ।

ਅੱਜ ਪਾਕਿਸਤਾਨ ਦੇ ਸਾਇੰਸ ਅਤੇ ਟੈਕਨਾਲੋਜੀ ਮੰਤਰੀ ਫਵਾਜ਼ ਹੁਸੈਨ ਚੌਧਰੀ ਨੇ ਦਿੱਲੀ ਦੇ ਲੋਕਾਂ ਨੂੰ ਅਪੀਲ ਕਰ ਦਿੱਤੀ ਕਿ ਉਹ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਹਰਾਉਣ ਲਈ ਵੋਟ ਦੇਣ। ਉਸ ਨੇ ਟਵੀਟ ਕੀਤਾ ਹੈ ਕਿ ਭਾਰਤ ਦੇ ਲੋਕਾਂ ਨੂੰ ਨਰਿੰਦਰ ਮੋਦੀ ਨੂੰ ਹਰਾਉਣਾ ਚਾਹੀਦਾ ਹੈ, ਉਹ ਕਈ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ ਵਿਚ ਹਾਰਨ ਦੇ ਡਰ ਕਾਰਨ ਉਲਟੇ-ਸਿੱਧੇ ਦਾਅਵੇ ਕਰ ਰਹੇ ਹਨ। ਪਾਕਿਸਤਾਨ ਦੇ ਮੰਤਰੀ ਦਾ ਇਹ ਟਵੀਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਐਨ ਸੀ ਸੀ ਦੇ ਸਮਾਗਮ ਦੌਰਾਨ ਦਿੱਤੇ ਭਾਸ਼ਨ ਤੋਂ ਬਾਅਦ ਆਇਆ ਹੈ, ਜਿੱਥੇ ਉਨ੍ਹਾ ਨੇ ਕਿਹਾ ਸੀ ਕਿ ਭਾਰਤੀ ਫ਼ੌਜ ਪਾਕਿਸਤਾਨ ਨੂੰ 7 ਤੋਂ 10 ਦਿਨਾਂ ਵਿਚ ਹਰਾ ਸਕਦੀ ਹੈ। ਇਸ ਪਿੱਛੋਂ ਪਾਕਿਸਤਾਨ ਦੇ ਸਾਇੰਸ ਤਕਨਾਲੋਜੀ ਮੰਤਰੀ ਚੌਧਰੀ ਫਵਾਦ ਹੁਸੈਨ ਨੇ ਨਰਿੰਦਰ ਮੋਦੀ ਨੂੰ ਹਰਾਉਣ ਦੀ ਗੱਲ ਕਹੀ ਤੇ ਟਵੀਟ ਕੀਤਾ।

ਪਾਕਿਸਤਾਨੀ ਮੰਤਰੀ ਦੇ ਇਸ ਟਵੀਟ ਦੇ ਜਵਾਬ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਚਾਅ ਕੀਤਾ ਤੇ ਕਿਹਾ ਕਿ ਦਿੱਲੀ ਚੋਣਾਂ ਭਾਰਤ ਦਾ ਅੰਦਰੂਨੀ ਮਾਮਲਾ ਹੈ। ਉਨ੍ਹਾਂ ਟਵੀਟ ਕੀਤਾ, 'ਨਰਿੰਦਰ ਮੋਦੀ ਜੀ ਭਾਰਤ ਦੇ ਪ੍ਰਧਾਨ ਮੰਤਰੀ ਹਨ। ਮੇਰੇ ਵੀ ਪ੍ਰਧਾਨ ਮੰਤਰੀ ਹਨ। ਦਿੱਲੀ ਚੋਣਾਂ ਭਾਰਤ ਦਾ ਅੰਦਰੂਨੀ ਮਾਮਲਾ ਹੈ ਤੇ ਸਾਨੂੰ ਅੱਤਵਾਦ ਦੇ ਸਭ ਤੋਂ ਵੱਡੇ ਸਪਾਂਸਰਾਂ ਦਾ ਦਖਲ ਇਸ ਵਿੱਚ ਬਰਦਾਸ਼ਤ ਨਹੀਂ। ਪਾਕਿਸਤਾਨ ਜਿੰਨੀ ਵੀ ਕੋਸ਼ਿਸ਼ ਕਰ ਲਵੇ, ਇਸ ਦੇਸ਼ ਦੀ ਏਕਤਾ ਉੱਤੇ ਵਾਰ ਨਹੀਂ ਕਰ ਸਕਦਾ।'

# ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ ਵਿਛੋੜਾ ਦੇ ਗਏ



ਢੁੱਡੀਕੇ, 2 ਫਰਵਰੀ, (ਪੋਸਟ ਬਿਊਰੋ)- ਲਹਿੰਦੇ ਅਤੇ ਚੜ੍ਹਦੇ ਦੋਵਾਂ ਪੰਜਾਬਾਂ ਵਿਚ ਦੁਨੀਆ ਭਰ ਵਿਚੋਂ ਸਭ ਤੋਂ ਵੱਧ ਤੇ ਪੜ੍ਹੇ ਜਾਣ ਵਾਲੇ ਉੱਘੇ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ ਨਹੀਂ ਰਹੇ। ਉਨ੍ਹਾਂ ਨੇ 1 ਫਰਵਰੀ ਸਵੇਰੇ 8 ਵਜੇ ਆਖਰੀ ਸਾਹ ਲਿਆ ਅਤੇ ਉਨ੍ਹਾਂ ਦਾ ਸਸਕਾਰ ਅੱਜ ਜ਼ਿਲਾ ਮੋਗਾ ਦੇ ਪਿੰਡ ਢੁੱਡੀਕੇ ਵਿਖੇ ਕਰ ਦਿੱਤਾ ਗਿਆ।

ਜਸਵੰਤ ਸਿੰਘ ਕੰਵਲ ਨੂੰ ਅੰਤਮ ਵਿਦਾਇਗੀ ਦੇਣ ਸਮੇਂ ਉਨ੍ਹਾ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਕੋਲ ਪੰਜਾਬ ਦੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਵਿਧਾਇਕ ਡਾ. ਹਰਜੋਤ ਕਮਲ ਮੋਗਾ, ਵਿਧਾਇਕ ਦਰਸ਼ਨ ਸਿੰਘ ਬਰਾੜ ਬਾਘਾ ਪੁਰਾਣਾ, ਵਿਧਾਇਕ ਸੁਖਜੀਤ ਸਿੰਘ ਲੋਹਗੜ੍ਹ, ਧਰਮਕੋਟ, ਸਾਬਕਾ ਮੰਤਰੀ ਅਤੇ ਕਾਂਗਰਸ ਆਗੂ ਮਾਲਤੀ ਥਾਪਰ, ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ, ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ, ਐੱਸ ਐੱਸ ਪੀ ਅਮਰਜੀਤ ਸਿੰਘ ਬਾਜਵਾ ਤੋਂ ਇਲਾਵਾ ਕਈ ਉੱਘੀਆਂ ਸ਼ਖ਼ਸੀਅਤਾਂ ਪੁੱਜੀਆਂ ਤੇ ਕੰਵਲ ਦੀ ਦੇਹ ਉੱਤੇ ਫੁੱਲ ਮਾਲਾ ਭੇਟ ਕੀਤੀਆਂ। ਕੰਵਲ ਦੇ ਪਰਿਵਾਰ ਵਿਚੋਂ ਪੁੱਤਰ ਸਰਬਜੀਤ ਸਿੰਘ, ਬੇਟੀ ਅਮਰਜੀਤ ਕੌਰ, ਚਰਨਜੀਤ ਕੌਰ, ਕੰਵਲਜੀਤ ਕੌਰ ਅਤੇ ਰੁਪਇੰਦਰਜੀਤ ਕੌਰ, ਦੋਹਤਾ ਸੁਮੇਲ ਸਿੱਧੂ ਅਤੇ ਹੋਰ ਲੋਕ ਸ਼ਾਮਲ ਹਨ।

27 ਜੂਨ 1919 ਨੂੰ ਪੈਦਾ ਹੋਏ ਡਾ. ਜਸਵੰਤ ਸਿੰਘ ਕੰਵਲ ਨੇ ਜ਼ਿੰਦਗੀ ਦੇ 80 ਸਾਲ ਸਾਹਿਤ ਵਧੀਆ ਰਚਨਾਵਾਂ ਲਿਖੀਆਂ। ਉਨ੍ਹਾਂ ਦਾ 100ਵਾਂ ਜਨਮ ਦਿਨ ਪਿਛਲੇ ਸਾਲ ਮਨਾਇਆ ਗਿਆ ਸੀ। ਉਨ੍ਹਾਂ ਦੇ ਪੁੱਤਰ ਸਰਬਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਨੇ 100 ਸਾਲ ਸੱਤ ਮਹੀਨੇ ਜ਼ਿੰਦਗੀ ਵਿੱਚ 102 ਕਰੀਬ ਕਿਤਾਬਾਂ ਤੇ ਨਾਵਲ ਲਿਖੇ। ਉਨ੍ਹਾਂ ਨੇ ਸਾਂਝੇ ਪੰਜਾਬ ਵੇਲੇ 1940 ਤੋਂ ਅੱਜ ਤੱਕ ਚਰਚਿਤ ਨਾਵਲ 'ਸੱਚ ਨੂੰ ਫਾਂਸੀ', 'ਪੂਰਨਮਾਸ਼ੀ', 'ਪਾਲੀ', 'ਰਾਤ ਬਾਕੀ ਹੈ', 'ਮਿੱਤਰ ਪਿਆਰੇ ਨੂੰ', 'ਹਾਣੀ', 'ਬਰਫ਼ ਦੀ ਅੱਗ', 'ਲਹੂ ਦੀ ਲੋਹ', 'ਜ਼ਿੰਦਗੀ ਦੂਰ ਨਹੀਂ' ਸਮੇਤ ਕਈ ਚਰਚਿਤ ਰਚਨਾਵਾਂ ਲਿਖੀਆਂ। ਜਸਵੰਤ ਸਿੰਘ ਕੰਵਲ ਨੂੰ ਸ਼੍ਰੋਮਣੀ ਸਾਹਿਤਕਾਰ, ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਰਤਨ, ਸ਼੍ਰੋਮਣੀ ਪੰਜਾਬੀ ਲੇਖਕ ਆਦਿ ਇਨਾਮਾਂ ਨਾਲ ਸਨਮਾਨ ਕੀਤਾ ਗਿਆ। ਉਹ ਆਪਣੇ ਢੁੱਡੀਕੇ ਪਿੰਡ ਵਿੱਚ ਸਰਪੰਚ ਵੀ ਰਹੇ ਸਨ। ਉਨ੍ਹਾਂ ਦੇ ਅੰਤਮ ਸਸਕਾਰ ਸਮੇਂ ਫਿਲਮ ਨਿਰਦੇਸ਼ਕ ਮਨਮੋਹਨ ਸਿੰਘ, ਪ੍ਰਿੰਸੀਪਲ ਸਰਵਣ ਸਿੰਘ, ਪੰਜਾਬੀ ਸਹਿਤ ਅਕਾਡਮੀ ਦੇ ਪ੍ਰਧਾਨ ਰਵਿੰਦਰ ਭੱਠਲ, ਪ੍ਰੋ: ਗੁਰਭਜਨ ਗਿੱਲ, ਸੁਰਜੀਤ ਸਿੰਘ ਕਾਉਂਕੇ, ਤੇਜਵੰਤ ਸਿੰਘ ਮਾਨ, ਰਣਜੀਤ ਸਿੰਘ ਧੰਨਾ, ਹਰੀ ਸਿੰਘ, ਪਵਨ ਹਰਚੰਦਪੁਰੀ, ਬਲਦੇਵ ਸਿੰਘ ਸੜਕਨਾਮਾ, ਪ੍ਰੋ. ਗੁਰਇਕਬਾਲ ਸਿੱਖ, ਡੀ ਆਈ ਜੀ ਗੁਰਪ੍ਰੀਤ ਸਿੰਘ ਤੂਰ ਹਾਜ਼ਰ ਸਨ।

# ਲਾਈਟ ਅਤੇ ਸਾਊਂਡ ਸ਼ੋਅ ਦੇ ਦੂਜੇ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਫ਼ਲਸਫ਼ੇ ਤੋਂ ਰੂਬਰੂ ਹੋਈ ਸੰਗਤ





ਫਿਰੋਜ਼ਪੁਰ, 2 ਫਰਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਰੌਸ਼ਨੀ ਅਤੇ ਆਵਾਜ਼ (ਲਾਇਟ ਐਂਡ ਸਾਊਂਡ ਸ਼ੋਅ) ਤੇ ਆਧਾਰਿਤ ਪ੍ਰੋਗਰਾਮ ਐਤਵਾਰ ਨੂੰ ਫਿਰੋਜ਼ਪੁਰ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਸੰਪੰਨ ਹੋਇਆ। ਦੋ ਰੋਜ਼ਾ ਪ੍ਰੋਗਰਾਮ ਵਿਚ ਵੱਡੀ ਤਾਦਾਦ ਵਿਚ ਸੰਗਤਾਂ ਨੇ ਆਧੁਨਿਕ ਤਕਨੀਕਾਂ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਫ਼ਲਸਫ਼ੇ ਅਤੇ ਵਿਚਾਰਧਾਰਾ ਦੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਪੂਰੇ ਪੰਜਾਬ ਅੰਦਰ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜ ਰਹੇ ਹਨ। ਇਸ ਤਹਿਤ ਫਿਰੋਜ਼ਪੁਰ ਵਿਚ ਵੀ ਇਹ ਪ੍ਰੋਗਰਾਮ ਕਰਵਾਇਆ ਗਿਆ। ਸੰਗਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਇਹ ਅਨੋਖੀ ਪਹਿਲ ਕੀਤੀ ਗਈ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਇਸ ਵਿਸ਼ੇਸ਼ ਸਮਾਗਮ ਦਾ ਹਿੱਸਾ ਬਣਨ ਲਈ ਸਮਾਜ ਦੇ ਹਰ ਵਰਗ ਦੇ ਲੋਕਾਂ ਵੱਲੋਂ ਸ਼ਿਰਕਤ ਕੀਤੀ ਗਈ। ਇੱਥੇ ਅਤਿ ਆਧੁਨਿਕ ਤਕਨੀਕਾਂ ਰਾਹੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਵਿਸ਼ਵ ਵਿਆਪੀ ਸੰਦੇਸ਼, ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਸ਼ਾਂਤੀ, ਦਯਾ ਅਤੇ ਮਾਨਵਤਾ ਦੀ ਸੇਵਾ ਕਰਨ ਆਦਿ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ। ਸ਼ਹਿਰ ਦੀਆਂ ਅਨੇਕਾਂ ਸ਼ਖ਼ਸੀਅਤਾਂ ਵੱਲੋਂ ਰੌਸ਼ਨੀ ਅਤੇ ਆਵਾਜ਼ ਤੇ ਆਧਾਰਿਤ ਪ੍ਰੋਗਰਾਮ ਵਿਚ ਸ਼ਿਰਕਤ ਕਰਕੇ ਜ਼ਿੰਦਗੀ ਦੇ ਅਨੋਖੇ ਅਨੁਭਵ ਦਾ ਅਹਿਸਾਸ ਕੀਤਾ ਗਿਆ। ਅੱਜ ਦੇ ਇਸ ਸ਼ੋਅ ਦੌਰਾਨ ਜ਼ਿਲ੍ਹਾ ਖੇਡ ਅਫ਼ਸਰ ਸੁਨੀਲ ਸ਼ਰਮਾ ਵੱਲੋਂ ਆਪਣੇ ਪਰਿਵਾਰ ਸਮੇਤ ਇਸ ਸ਼ੋਅ ਵਿਚ ਸ਼ਿਰਕਤ ਕੀਤੀ ਅਤੇ ਇਸ ਸ਼ੋਅ ਦਾ ਆਨੰਦ ਮਾਣਿਆ।

ਰੌਸ਼ਨੀ ਅਤੇ ਆਵਾਜ਼ ਤੇ ਆਧਾਰਿਤ ਇਸ 45 ਮਿੰਟ ਦੇ ਸ਼ੋਅ ਦੌਰਾਨ ਅਤਿ ਆਧੁਨਿਕ ਤਕਨੀਕਾਂ ਰਾਹੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਦਾਸੀਆਂ ਤੇ ਰੌਸ਼ਨੀ ਪਾਈ ਗਈ ਜਿੰਨਾਂ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਪ੍ਰੋਗਰਾਮ ਦੌਰਾਨ ਅਹਿੰਸਾ, ਸ਼ਾਂਤੀ, ਭਾਈਚਾਰਕ ਸਾਂਝ, ਮਹਿਲਾ-ਸਸ਼ਕਤੀਕਰਨ, ਕੁਦਰਤੀ ਸਰੋਤਾਂ ਦੀ ਸੁਰੱਖਿਆ ਦੇ ਸੰਦੇਸ਼ ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਮਾਜਿਕ ਬਰਾਬਰਤਾ ਦੇ ਲਈ ਕੀਤੇ ਗਏ ਯਤਨਾਂ ਬਾਰੇ ਵੀ ਦਰਸ਼ਕਾਂ ਨੂੰ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਤਿੰਨ ਦਿਨ ਡਿਜੀਟਲ ਮਿਊਜ਼ੀਅਮ ਵੀ ਸਥਾਪਿਤ ਕੀਤਾ ਗਿਆ ਜਿੱਥੇ ਐਲਈਡੀ ਸਕਰੀਨਾਂ ਰਾਹੀਂ ਸੰਗਤਾਂ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •


# ਹਿਰਨ ਦੇ ਸ਼ਿਕਾਰ ਮਾਮਲੇ ਵਿੱਚ ਨਵਾਂ ਮੋੜ ਆਇਆ

ਮਾਛੀਵਾੜਾ ਸਾਹਿਬ, 2 ਫਰਵਰੀ (ਪੋਸਟ ਬਿਊਰੋ)- ਬੀਤੇ ਮਹੀਨੇ ਪਿੰਡ ਚੌਂਤਾ ਮੰਡ ਦੇ ਜੰਗਲ ਵਿੱਚ ਗੋਲੀ ਮਾਰ ਕੇ ਮਾਰੇ ਗਏ ਹਿਰਨ ਦੇ ਕੇਸ ਵਿੱਚ ਓਦੋਂ ਨਵਾਂ ਮੋੜ ਆ ਗਿਆ, ਜਦੋਂ ਮੰਡ ਦੇ ਵਸਨੀਕ ਮਲਕੀਤ ਸਿੰਘ ਮੀਤਾ ਦੀ ਨੂੰਹ ਅਤੇ ਛੋਟੇ ਪੁੱਤਰ ਪ੍ਰਗਟ ਸਿੰਘ ਨੇ ਆਪਣੇ ਪਿਤਾ ਉੱਤੇ ਗੋਲੀ ਨਾਲ ਹਿਰਨ ਨੂੰ ਮਾਰਨ ਦਾ ਦੋਸ਼ ਲਾ ਕੇ ਕਿਹਾ ਕਿ ਉਨ੍ਹਾਂ ਦਾ ਪਿਤਾ ਪਹਿਲਾਂ ਵੀ ਕਈ ਵਾਰ ਜਾਨਵਰਾਂ ਦਾ ਸ਼ਿਕਾਰ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੇ ਘਰ ਉਸ ਸਮੇਂ ਤਲਾਸ਼ੀ ਹੋ ਜਾਂਦੀ ਤਾਂ ਕਈ ਹਿਰਨਾਂ ਦੇ ਸਿੰਙ ਘਰ ਵਿੱਚ ਮਿਲ ਜਾਂਦੇ, ਪਰ ਸਥਾਨਕ ਪੁਲਸ ਵੀ ਸਾਡੇ ਪਿਤਾ ਦੀ ਮੱਦਦਗਾਰ ਹੈ, ਇਸ ਲਈ ਬਣਦੀ ਕਾਰਵਾਈ ਨਹੀਂ ਸੀ ਕੀਤੀ ਗਈ।

ਮੀਤਾ ਸ਼ਿਕਾਰੀ ਦੀ ਨੂੰਹ ਅਤੇ ਪੁੱਤਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਪਿਤਾ ਲੰਮੇ ਸਮੇਂ ਤੋਂ ਜਾਨਵਰਾਂ ਦਾ ਸ਼ਿਕਾਰ ਕਰਦਾ ਆ ਰਿਹਾ ਹੈ ਅਤੇ ਉਸ ਦਿਨ ਵੀ ਕੁਝ ਲੋਕਾਂ ਨਾਲ ਮਿਲ ਕੇ ਉਨ੍ਹਾਂ ਨੇ ਹਿਰਨ ਦਾ ਸ਼ਿਕਾਰ ਕੀਤਾ ਸੀ, ਪਰ ਜਦੋਂ ਹਿਰਨ ਦੇ ਗੋਲੀ ਲੱਗੀ ਤਾਂ ਉਹ ਜੰਗਲ ਦੇ ਕੋਲ ਸੜਕ ਉੱਤੇ ਡਿਗ ਗਿਆ, ਜਿਸ ਤੋਂ ਬਾਅਦ ਗੋਲੀ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਗਏ। ਉਨ੍ਹਾਂ ਪੁਲਸ ਤੇ ਜੰਗਲਾਤ ਵਿਭਾਗ ਦੇ ਅਧਿਕਾਰੀਆ ਨੂੰ ਫੋਨ ਕੀਤਾ, ਫਿਰ ਵੀ ਉਹ ਲੋਕ ਹਿਰਨ ਦਾ ਪੱਟ, ਜਿਸ ਵਿੱਚ ਗੋਲੀ ਲੱਗੀ ਸੀ, ਲਿਆਉਣ ਵਿੱਚ ਸਫਲ ਹੋ ਗਏ। ਉਨ੍ਹਾਂ ਨੇ ਹਿਰਨ ਦੇ ਪੱਟ ਦੀਆਂ ਤਸਵੀਰਾਂ ਦਿੰਦੇ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਉਸ ਨੂੰ ਉਨ੍ਹਾਂ ਨੇ ਬਾਥਰੂਮ ਵਿੱਚ ਸਾਫ਼ ਕੀਤਾ, ਪਰ ਕਿਸੇ ਦਾ ਫੋਨ ਆਇਆ ਤਾਂ ਉਸ ਮੀਟ ਨੂੰ ਇੱਕ ਸਾਈਡ ਉੱਤੇ ਕਰ ਦਿੱਤਾ ਗਿਆ।

ਇਸ ਬਾਰੇ ਪਿੰਡ ਮੰਡ ਚੌਂਤਾ ਦੇ ਮਲਕੀਤ ਸਿੰਘ ਮੀਤਾ ਦਾ ਕਹਿਣਾ ਹੈ ਕਿ ਉਹ ਅੱਜਕੱਲ੍ਹ ਸ਼ਿਕਾਰ ਨਹੀਂ ਕਰਦੇ ਤੇ ਉਸ ਦੇ ਪਰਿਵਾਰਕ ਕਲੇਸ਼ ਕਾਰਨ ਨੂੰਹ ਅਤੇ ਪੁੱਤਰ ਨੇ ਉਸ ਉੱਤੇ ਝੂਠੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਮੰਡ ਚੌਂਤਾ ਦੇ ਜੰਗਲਾਂ ਵਿਚ ਹਿਰਨ ਦਾ ਸ਼ਿਕਾਰ ਹੋਇਆ ਤਾਂ ਉਸ ਵਿੱਚ ਮੇਰਾ ਹੱਥ ਨਹੀਂ ਸੀ। ਇਸ ਉੱਤੇ ਸਰਕਾਰੀ ਬਾਬੂ ਮਿੱਟੀ ਪਾ ਰਿਹਾ ਹੈ। ਰਾਜਸਥਾਨ ਵਿੱਚ ਹਿਰਨ ਦੇ ਸ਼ਿਕਾਰ ਕੇਸ ਵਿੱਚ ਫਿਲਮ ਸਟਾਰ ਸਲਮਾਨ ਖਾਨ ਨੂੰ ਸਜ਼ਾ ਹੋਈ ਸੀ ਤੇ ਜੇਲ ਜਾਣਾ ਪਿਆ ਸੀ। ਲੋਕਾਂ ਨੇ ਦੱਸਿਆ ਕਿ ਜੇ ਇਸ ਕੇਸ ਦੀ ਈਮਾਨਦਾਰੀ ਨਾਲ ਜਾਂਚ ਹੋ ਜਾਵੇ ਤਾਂ ਵੱਡੇ ਖੁਲਾਸੇ ਹੋਣਗੇ ਕਿਉਂਕਿ ਕੁਝ ਸਮਾਂ ਪਹਿਲਾਂ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਵੀ ਮਰਗਾਬੀਆਂ ਦਾ ਸ਼ਿਕਾਰ ਕਰਵਾਇਆ ਸੀ, ਪਰ ਜੰਗਲੀ ਸੂਰ, ਹਿਰਨ, ਨੀਲ ਗਊਆਂ ਤੇ ਪ੍ਰਵਾਸੀ ਪੰਛੀਆਂ ਦਾ ਸ਼ਿਕਾਰ ਵੱਡੇ ਅਫਸਰਾਂ ਦੀ ਮੰਗ ਉੱਤੇ ਅਕਸਰ ਹੀ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਈ ਵਾਰ ਰਾਸ਼ਟਰੀ ਪੰਛੀ ਮੋਰ ਦਾ ਸ਼ਿਕਾਰ ਕਰਨ ਤੋਂ ਵੀ ਇਹ ਲੋਕ ਬਾਜ਼ ਨਹੀਂ ਆਉਂਦੇ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਆਪਾ ਵਿਰੋਧੀ ਸਟੈਂਡ ਅਤੇ ਸਿਆਸਤ

ਕੁੱਝ ਖਬਰਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਕਿਸੇ ਗੱਲ ਦਾ ਜਵਾਬ ਨਾ ਬਣ ਕੇ ਸਗੋਂ ਹੋਰ ਸੁਆਲ ਖੜੇ ਕਰ ਜਾਂਦੀਆਂ ਹਨ। ਕੈਨੇਡਾ ਵਰਗੇ ਮੁਲਕ ਵਿੱਚ ਜਿੱਥੇ ਚਾਰਟਰ ਦਾ ਪ੍ਰਭਾਵ ਹੈ, ਉੱਥੇ ਜਦੋਂ ਕੋਈ ਸੱਤਾਧਾਰੀ ਜਾਂ ਹੋਰ ਕੋਈ ਸ਼ਕਤੀਸ਼ਾਲੀ ਵਿਅਕਤੀ/ਜੱਥੇਬੰਦੀ ਚਾਹੇ ਤਾਂ ਵਿਰੋਧੀ ਨੂੰ ਚੁੱਪ ਕਰਵਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਮਿਸਾਲ ਵਜੋਂ ਕੁਦਰਤੀ ਸ੍ਰੋਤਾਂ ਬਾਰੇ ਫੈਡਰਲ ਮੰਤਰੀ ਸੀਮਸ ਓ ਰੀਗਨ (Seamus O'Regan) ਵਿਰੁੱਧ ਸਮਾਲ ਕਲੇਮ ਕੋਰਟ ਵਿੱਚ ਇੱਕ ਕੈਨੇਡੀਅਨ ਫੌਜੀ (ਵੈਟਰਨ) ਸ਼ਾਨ ਬਰੂਏਆ (Sean Bruyea) ਨੇ 25000 ਡਾਲਰ ਦਾ ਮੁੱਕਦਮਾ ਕੀਤਾ। ਸਰਕਾਰ ਨੇ ਮੰਤਰੀ ਦੇ 25 ਹਜ਼ਾਰ ਬਚਾਉਣ ਲਈ ਮੁੱਕਦਮਾ ਲੜਨ ਉੱਤੇ 1 ਲੱਖ 18 ਹਜ਼ਾਰ ਡਾਲਰ ਖਰਚ ਕਰ ਦਿੱਤੇ ਹਨ। ਇਹ ਮੁਕੱਮਦਾ ਉਸ ਵੇਲੇ ਦਾ ਹੈ ਜਦੋਂ 2018 ਵਿੱਚ ਵੈਟਰਨਜ਼ ਭਲਾਈ ਮੰਤਰੀ ਹੋਣ ਵੇਲੇ ਸੀਮਸ ਓ ਰੀਗਨ ਨੇ ਹਿੱਲ ਟਾਈਮਜ਼ ਵਿੱਚ ਇੱਕ ਆਰਟੀਕਲ ਲਿਖਿਆ ਸੀ। ਸ਼ਾਨ ਬਰੂਏਆ ਦਾ ਦਾਅਵਾ ਹੈ ਕਿ ਇਸ ਆਰਟੀਕਲ ਕਾਰਣ ਸਾਬਕਾ ਫੌਜੀਆਂ ਵਿਸ਼ੇਸ਼ ਕਰਕੇ ਉਸਦੀ ਹੱਤਕ ਹੋਈ ਸੀ। ਚੇਤੇ ਰਹੇ ਕਿ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਸੀਮਸ ਓਰੀਗਨ CTV ਵਿੱਚ ਇੱਕ ਸੀਨੀਅਰ ਪੱਤਰਕਾਰ ਰਿਹਾ ਹੈ।

ਮਜ਼ੇਦਾਰ ਗੱਲ ਇਹ ਕਿ ਸੀਮਸ ਬਾਰੇ ਇਸ ਖ਼ਬਰ ਨੂੰ ਗਲੋਬ ਐਂਡ ਮੇਲ ਤੋਂ ਇਲਾਵਾ ਹਾਲੇ ਤੱਕ ਸਰਕਾਰ ਤੋਂ 1 ਬਿਲੀਅਨ ਤੋਂ ਵੱਧ ਡਾਲਰ ਹਰ ਸਾਲ ਪ੍ਰਾਪਤ ਕਰਨ ਵਾਲੀ 'ਸੀ ਬੀ ਸੀ' ਸਮੇਤ ਮੁੱਖ ਧਾਰਾ ਦੇ ਮੀਡੀਆ ਨੇ ਜਾਂ ਤਾਂ ਉੱਕਾ ਹੀ ਵਿਸਾਰ ਦਿੱਤਾ ਜਾਂ ਕੋਈ ਪ੍ਰਮੁੱਖਤਾ ਨਹੀਂ ਦਿੱਤੀ। ਇਹ ਉਵੇਂ ਹੈ ਜਿਵੇਂ ਕੰਜ਼ਰਵੇਟਿਵ ਸਰਕਾਰ ਵੇਲੇ ਦੋਸ਼ ਲੱਗਦੇ ਸਨ ਕਿ ਸਟੀਫਨ ਹਾਰਪਰ ਮੀਡੀਆ ਦਾ ਗਲਾ ਘੁੱਟਣ ਦਾ ਮਾਹਰ ਹੈ।

ਮੀਡੀਆ ਨੂੰ ਲੈ ਕੇ ਜੂਨ 2018 ਵਿੱਚ ਗਠਨ ਕੀਤੇ ਗਏ ਬਰਾਡਕਾਸਿਟੰਗ ਅਤੇ ਟੈਲੀਕਮਿਉਨਿਕੇਸ਼ਨ ਲੈਜੀਸਲੇਟਿਵ ਰੀਵਿਊ ਪੈਨਲ (Broadcasting and Telecommunications Legislative Review Panel) ਦੀਆਂ ਸਿਫ਼ਾਰਸ਼ਾਂ ਦਿਲਚਸਪ ਹਨ। ਫੈਡਰਲ ਸਰਕਾਰ ਲਈ ਅਮਲ ਕਰਨ ਵਾਸਤੇ ਬੀਤੇ ਹਫ਼ਤੇ ਇਸ ਪੈਨਲ ਨੇ 97 ਸਿਫਾਰਸ਼ਾਂ ਜਾਰੀ ਕੀਤੀਆਂ ਹਨ ਤਾਂ ਜੋ ਕੈਨੇਡਾ ਦੀ ਬਰਾਡਕਸਟਿੰਗ ਅਤੇ ਟੈਲੀਕਮਿਉਨੀਕੇਸ਼ਨ ਇੰਡਸਟਰੀ ਵਿੱਚ ਆਈ ਖੜੋਤ ਨੂੰ ਦੂਰ ਕੀਤਾ ਜਾ ਸਕੇ। ਪੈਨਲ ਦੀਆਂ ਸਿਫ਼ਾਰਸ਼ਾਂ ਵਿੱਚ ਸੀ ਬੀ ਸੀ ਉੱਤੇ ਇਹ ਮਨਾਹੀ ਲਾਗੂ ਕਰਨਾ ਸ਼ਾਮਲ ਹੈ ਕਿ ਇਹ ਅਦਾਰਾ ਕਿਸੇ ਕਿਸਮ ਦੀ ਇਸ਼ਤਿਹਾਰਬਾਜ਼ੀ ਨਾ ਕਰੇ। ਕਾਰਣ ਇਹ ਕਿ ਸੀ ਬੀ ਸੀ ਉੱਤੇ ਨਸ਼ਰ ਹੋਣ ਵਾਲੇ ਪ੍ਰੋਗਰਾਮ ਕੈਨੇਡੀਅਨ ਟੈਕਸ ਅਦਾਕਰਤਾਵਾਂ ਦੇ ਡਾਲਰਾਂ ਦੁਆਰਾ ਫੰਡ ਕੀਤੇ ਜਾਂਦੇ ਹਨ। ਸੀ ਬੀ ਸੀ ਵੱਲੋਂ ਇਸ਼ਤਿਹਾਰਾਂ ਰਾਹੀਂ ਹਰ ਸਾਲ 250 ਮਿਲੀਅਨ ਡਾਲਰ ਕਮਾਏ ਜਾਂਦੇ ਹਨ ਜਦੋਂ ਕਿ 1.1 ਬਿਲੀਅਨ ਡਾਲਰ ਇਸਨੂੰ ਸਰਕਾਰ ਕੋਲੋਂ ਮਿਲਦੇ ਹਨ। ਜਿੱਥੇ ਲਿਬਰਲ ਪਾਰਟੀ ਸੀ ਬੀ ਸੀ ਨੂੰ ਹੋਰ ਮਜ਼ਬੂਤ ਕਰਨ ਦੇ ਹੱਕ ਵਿੱਚ ਹੈ, ਕੰਜ਼ਰਵੇਟਿਵ ਇਸਨੂੰ ਖਤਮ ਕਰਨ ਲਈ ਕਦਮ ਪੁੱਟਣ ਨੂੰ ਚੰਗਾ ਸਮਝਦੇ ਹਨ। ਦੋਵਾਂ ਦੀ ਪਹੁੰਚ ਕੈਨੇਡੀਅਨ ਪਬਲਿਕ ਦੇ ਹਿੱਤ ਵਿੱਚ ਨਾ ਹੋ ਕੇ ਸਿਆਸਤ ਤੋਂ ਪ੍ਰੇਰਿਤ ਹਨ। ਲਿਬਰਲਾਂ ਲਈ ਸੀ ਬੀ ਸੀ ਵੋਟਾਂ ਦਾ ਦੁੱਧ ਦੇਣ ਵਾਲੀ ਸੀਲ ਗਊ ਹੈ ਜਦੋਂ ਕਿ ਕੰਜ਼ਰਵੇਟਿਵਾਂ ਵਾਸਤੇ ਸੀ ਬੀ ਸੀ ਇੱਕ ਮੀਡੀਆ ਅਦਾਰਾ ਨਾ ਹੋ ਕੇ ਇੱਕ ਵੱਡੀ ਸਿਰਦਰਦੀ ਹੈ।

ਰੀਬੈਲ ਮੀਡੀਆ (Rebel media) ਦੇ ਕਰਤਾ ਧਰਤਾ ਈਜ਼ਰਾ ਲਾਵਾਂਟ (Ezra Lavant) ਨੂੰ ਕੌਣ ਨਹੀਂ ਜਾਣਦਾ। ਉਸ ਬਾਰੇ ਮਸ਼ਹੂਰ ਹੈ ਕਿ ਉਹ ਖੁਦ ਐਨੇ ਵਿਵਾਦ ਖੜੇ ਨਹੀਂ ਕਰਦਾ ਜਿੰਨਾ ਵਿਵਾਦ ਉਸ ਨੂੰ ਖੜਾ ਕਰਦੇ ਹਨ ਭਾਵ ਉਹ ਆਪਣੀ ਹੋਂਦ ਨੂੰ ਵਿਵਾਦਾਂ ਦੀ ਫਹੁੜੀ ਸਹਾਰੇ ਚਲਾਉਂਦਾ ਚਲਿਆ ਆ ਰਿਹਾ ਹੈ। ਕੋਈ ਵੀ ਨਿਰਪੱਖ ਵਿਅਕਤੀ ਉਸਦੀ ਪੱਤਰਕਾਰੀ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਸਿਵਾਏ ਲਿਬਰਲਾਂ ਤੋਂ। ਬੀਤੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਉਸਨੇ ਲਿਬਰਲ ਪਾਰਟੀ ਦੀ ਆਲੋਚ-ਨਾ ਕਰਨ ਵਾਲੀ ਇੱਕ ਕਿਤਾਬ ਲਿਖੀ ਸੀ। ਸੁਭਾਵਿਕ ਹੈ ਕਿ ਉਸਨੇ ਆਪਣੀ ਕਿਤਾਬ ਵਿੱਚ ਲਿਬਰਲ ਪਾਰਟੀ ਉੱਤੇ ਖੂਬ ਤਵਾ ਲਾਇਆ ਸੀ ਪਰ ਇਹ ਕਿੱਥੋਂ ਤੱਕ ਵਾਜਬ ਹੈ ਕਿ ਕੈਨੇਡਾ ਦਾ ਚੋਣ ਕਮਿਸ਼ਨ ਈਜ਼ਰਾ ਲਾਵਾਂਟ ਕੋਲੋਂ ਚੋਣ ਜ਼ਾਬਾਤੇ ਨੂੰ ਤੋੜਨ ਬਾਰੇ ਪੁੱਛਗਿੱਛ ਕਰ ਰਿਹਾ ਹੈ। ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਲਿਬਰਲਾਂ ਆਪਣੀ ਸੱਤਾ ਦੀ ਵਰਤੋਂ ਰਾਹੀਂ ਚੋਣ ਕਮਿਸ਼ਨ ਨੂੰ ਉਸਦੇ ਪਿੱਛੇ ਪਾ ਰਹੇ ਹਨ। ਇਹ ਗੱਲ ਸੱਚ ਜਾਂ ਝੂਠ ਹੋ ਮਰਜ਼ੀ ਹੋਵੇ ਪਰ ਕੀ ਇਹ ਗੱਲ ਚੋਣ ਕਮਿਸ਼ਨ ਨੂੰ ਕਿਵੇਂ ਭੁੱਲ ਗਈ ਕਿ ਵਿਵਾਦ ਤਾਂ ਈਜ਼ਰਾ ਲਾਵਾਂਟ ਨੂੰ ਰੱਬ ਦੇਵੇ। ਉਸਨੇ ਚੋਣ ਕਮਿਸ਼ਨ ਦੇ ਜਾਂਚ ਕਰਤਾਵਾਂ ਨਾਲ ਹੋਈ ਗੱਲਬਾਤ ਨੂੰ ਰਿਕਾਰਡ ਕਰਕੇ ਜਨਤਕ ਕਰ ਦਿੱਤਾ ਹੈ। ਵਰਨਣਯੋਗ ਹੈ ਕਿ ਜਿੱਥੇ ਰੀਬੈਲ ਮੀਡੀਆ (Rebel media) ਸੱਜੇ ਪੱਖੀ ਹੈ, ਉਵੇਂ ਹੀ ਖੱਬੇ ਪੱਖੀ ਵਿਚਾਰਧਾਰਾ ਵਾਲਿਆਂ ਦਾ ਝੰਡਾ ਬਰਦਾਰ ਰੈਬਲ ਮੀਡੀਆ (Rabble media) ਹੈ।

# ਦੇਸ਼ ਪਰਤਣ ਵਾਲੇ 325 ਕੈਨੇਡੀਅਨਾਂ ਦੀ ਮਦਦ ਕਰੇਗੀ ਫੌਜ

...ਪੰਨਾ 1 ਦਾ ਬਾਕੀ

ਚੀਨ ਦੇ ਪ੍ਰੋਵਿੰਸ ਹੁਬੇਈ, ਜਿੱਥੇ ਇਹ ਆਊਟਬ੍ਰੇਕ ਹੋਇਆ ਸੀ, ਨੂੰ ਛੱਡਣ ਲਈ 325 ਕੈਨੇਡੀਅਨਾਂ ਵੱਲੋਂ ਗਲੋਬਲ ਅਫੇਅਰਜ਼ ਕੈਨੇਡਾ ਨੂੰ ਗੁਜ਼ਾਰਿਸ਼ ਕੀਤੇ ਜਾਣ ਤੋਂ ਬਾਅਦ ਹੀ ਕੈਨੇਡੀਅਨ ਸਰਕਾਰ ਨੇ ਇਹ ਚਾਰਟਰਡ ਜਹਾਜ਼ ਚੀਨ ਭੇਜਣ ਦਾ ਫੈਸਲਾ ਕੀਤਾ ਹੈ। ਇਹ ਜਹਾਜ਼ ਪਹਿਲਾਂ ਹਨੋਈ, ਵੀਅਤਨਾਮ ਪਹੁੰਚੇਗਾ ਤੇ ਫਿਰ ਇਸ ਨੂੰ ਵੂਹਾਨ ਭੇਜਿਆ ਜਾਵੇਗਾ। ਇਹ ਜਾਣਕਾਰੀ ਗਲੋਬਲ ਅਫੇਅਰਜ਼ ਕੈਨੇਡਾ ਨੇ ਐਤਵਾਰ ਨੂੰ ਦਿੱਤੀ।

ਸੀਲਬੰਦ ਕੀਤੇ ਗਏ ਵੂਹਾਨ ਸ਼ਹਿਰ ਵਿੱਚ ਹਵਾਈਸਪੇਸ ਵੀ ਬੰਦ ਹੈ ਪਰ ਚੀਨ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਇਹ ਜਹਾਜ਼ ਉੱਥੇ ਲੈਂਡ ਕਰੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਇਨਸੀਡੈਂਟ ਰਿਸਪਾਂਸ ਗਰੁੱਪ ਦੀ ਮੀਟਿੰਗ ਸੱਦ ਕੇ ਅਗਲੇ ਕਦਮ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਵਿਭਾਗ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਯੂਐਸ ਤੇ ਬ੍ਰਿਟੇਨ ਨਾਲ ਵੀ ਸਹਿਯੋਗ ਵਾਸਤੇ ਤਾਲਮੇਲ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਚੀਨ ਵਿੱਚ ਮਰਨ ਵਾਲਿਆਂ ਦੀ ਗਿਣਤੀ 361 ਤੱਕ ਪਹੁੰਚ ਗਈ ਹੈ ਤੇ ਦੁਨੀਆ ਭਰ ਵਿੱਚ ਹੁਣ ਤੱਕ ਕੋਰੋਨਾਵਾਇਰਸ ਤੋਂ ਪ੍ਰਭਾਵਤ ਲੋਕਾਂ ਦੀ ਗਿਣਤੀ 17,205 ਤੱਕ ਅੱਪੜ ਗਈ ਹੈ। ਇਹ ਜਾਣਕਾਰੀ ਚੀਨ ਦੇ ਨੈਸ਼ਨਲ ਹੈਲਥ ਕਮਿਸ਼ਨ ਤੇ ਹੋਰਨਾਂ ਦੇਸ਼ਾਂ ਵੱਲੋਂ ਦਿੱਤੀ ਗਈ।

# ਹੁਣ ਭਾਰਤ ਵਿੱਚ ਬਣੇ ਲਾਇਸੰਸ ਟੋਰਾਂਟੋ ਵਿੱਚ ਵੈਰੀਫਾਈ ਕਰਵਾ ਸਕਣਗੇ ਭਾਰਤੀ ਨਾਗਰਿਕ

...ਪੰਨਾ 1 ਦਾ ਬਾਕੀ

ਸੀਜੀਆਈ ਟੋਰਾਂਟੋ ਦੀ ਕਾਉਂਸਲਰ ਜਿਊਰਿਸਡਿਕਸ਼ਨ ਤਹਿਤ ਰਹਿਣ ਵਾਲੇ ਭਾਰਤੀ ਨਾਗਰਿਕਾਂ ਦੇ ਭਾਰਤੀ ਡਰਾਈਵਿੰਗ ਲਾਇਸੰਸਾਂ ਦੀ ਅਟੈਸਟੇਸ਼ਨ ਦਾ ਕੰਮ ਭਾਰਤੀ ਕਾਉਂਸਲੇਟ ਵੱਲੋਂ ਸ਼ੁਰੂ ਕੀਤਾ ਜਾ ਰਿਹਾ ਹੈ। ਬਿਨੈਕਾਰ ਜੇ ਪੁਸ਼ਟੀਯੋਗ ਵੇਰਵਿਆਂ ਦਾ ਪ੍ਰਿੰਟ ਆਊਟ ਉਕਤ ਵੈਬਸਾਈਟ ਤੋਂ ਲੈ ਕੇ ਆਪਣੇ ਭਾਰਤੀ ਡਰਾਈਵਿੰਗ ਲਾਇਸੰਸ ਦੀ ਕੌਪੀ ਤੇ ਅਸਲ ਲਾਇਸੰਸ, ਭਾਰਤੀ ਪਾਸਪੋਰਟ ਦੀ ਕੌਪੀ, ਪੀਆਰ/ਵਰਕ ਪਰਮਿਟ/ਸਟਡੀ ਪਰਮਿਟ/ਵਿਜ਼ੀਟਰ ਵੀਜ਼ਾ ਦੀ ਕੌਪੀ, ਪਤੇ ਦਾ ਪਰੂਫ ਤੇ 19 ਡਾਲਰ ਫੀਸ ਜੋ ਕਿ ਬੈਂਕ ਡਰਾਫਟ ਜਾਂ ਡੈਬਿਟ ਕਾਰਡ ਰਾਹੀਂ ਕਾਉਂਸਲੇਟ (365 ਬਲੂਰ ਸਟਰੀਟ ਈਸਟ, ਟੋਰਾਂਟੋ) ਨੂੰ ਅਦਾਇਗੀਯੋਗ ਹੋਵੇ, ਮੁਹੱਈਆ ਕਰਾ ਸਕਦਾ ਹੈ।

ਅਟੈਸਟੇਸ਼ਨ ਲਈ ਪ੍ਰੋਸੀਜ਼ਰ ਕਾਉਂਸਲੇਟ ਦੀ ਵੈੱਬਸਾਈਟ https://www.cgitoronto.gov.in/eoi.php?id=india_licence ਉੱਤੇ ਮੁਹੱਈਆ ਕਰਵਾਇਆ ਗਿਆ ਹੈ। ਕਿਰਪਾ ਕਰਕੇ ਇਹ ਨੋਟ ਕੀਤਾ ਜਾਵੇ ਕਿ ਜੇ ਅਟੈਸਟ ਕੀਤਾ ਗਿਆ ਡਰਾਈਵਿੰਗ ਲਾਇਸੰਸ ਕੈਨੇਡੀਅਨ ਅਧਿਕਾਰੀਆਂ ਵੱਲੋਂ ਸਵੀਕਾਰਿਆ ਨਹੀਂ ਜਾਂਦਾ ਤਾਂ ਕਾਉਂਸਲੇਟ ਇਸ ਦੀ ਜ਼ਿੰਮੇਵਾਰੀ ਨਹੀਂ ਲਵੇਗੀ। ਜਿਹੜੇ ਭਾਰਤੀ ਨਾਗਰਿਕ ਆਪਣੇ ਭਾਰਤੀ ਡਰਾਈਵਿੰਗ ਲਾਇਸੰਸਾਂ ਨੂੰ ਹੀ ਅਟੈਸਟ ਕਰਵਾਉਣਾ ਚਾਹੁੰਦੇ ਹਨ ਉਹ ਕੰਮ ਵਾਲੇ ਦਿਨਾਂ ਵਿੱਚ ਕਾਉਂਸਲੇਟ ਤੋਂ ਅਜਿਹਾ ਕਰਵਾ ਸਕਦੇ ਹਨ।

# ਲੁਧਿਆਣਾ ਵਿਖੇ ਬੇਟੀ ਬਚਾਓ, ਬੇਟੀ ਪੜਾਓ ਆਵਾਜ਼ ਬੁਲੰਦ




ਲੁਧਿਆਣਾ, 2 ਫਰਵਰੀ (ਗਿਆਨ ਸਿੰਘ): ਨਿਗਰਾਨ ਸੇਵਾ ਸੰਸਥਾ ਰਜਿ ਵਲੋਂ "ਆਓ ਰਲ ਮਿਲ ਕੇ ਮਨਾਈਏ ਧੀਆਂ ਦੀਆਂ ਖੁਸ਼ੀਆਂ " ਸਮਾਗਮ ਮੇਰੀ ਮਿੰਟ ਪਬਲਿਕ ਸਕੂਲ ਲੁਧਿਆਣਾ ਵਿਖੇ ਸਕੂਲ ਕਰਵ-ਾਇਆ ਗਿਆ ,ਇਸ ਮੌਕੇ 31 ਨਨੀਆਂ ਬਚੀਆਂ ਨੂੰ ਸੂਟ , ਮਠਿਆਈ ਦੇ ਡੱਬੇ ਅਤੇ ਸ਼ਗਨ ਦਿੱਤੇ ਗਏ, ਜਰੂਰਤ ਮੰਦ ਬੱਚਿਆਂ ਨੂੰ 5 ਸਾਈਕਲ ਦਿੱਤੇ ਅਤੇ ਇਕ ਪੋਸਟਰ ਬੱਚਿਆਂ ਨੂੰ ਪ੍ਰੇਤ ਕਰਨ ਵਾਲਾ ਜਾਰੀ ਕੀਤਾ ਗਿਆ, ਇਸ ਸਮਾਗਮ ਨੂੰ ਵਧੇਰੇ ਨਿੱਖਾਰਣ ਲਈ ਵਿਸ਼ੇਸ਼ ਤੌਰ ਤੇ ਕੈਨੇਡਾ ਤੋਂ ਬੀਬੀ ਮਨਧੀਰ ਕੌਰ ਮਨੂੰ , ਜੋ ਕੈਨੇਡਾ ਵਿਚ " ਰੇਡੀਓ ਆਪਣਾ "ਵਿਨੀਪੈਗ ਵਿਖੇ ਚਲਾ ਰਹੇ ਹਨ ਪਹੁੰਚੇ , ਇਨ੍ਹਾਂ ਤੋਂ ਇਲਾਵਾ ਸਰਦਾਰ ਬਲਵਿੰਦਰ ਸਿੰਘ ਬੈਂਸ ਐਮ ਐਲ ਏ ,ਲੋਕ ਇਨਸਾਫ ਪਾਰਟੀ , ਸ੍ਰੀ ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ , ਪੰਜਾਬ ਇੰਡਸਟਰੀਅਲ ਡਿਵੈਲਪਮੈਂਟ ਕਰਪੋਰੇਸ਼ਨ ,ਹਿਊਮਨ ਰਾਈਟਸ ਦੇ ਪਰਧਾਨ ਬੀਬੀ ਵਰਿੰਦਰ ਕੌਰ , ਕੌਂਸਲਰ ਇੰਦਰਜੀਤ ਸਿੰਘ ਲੋਟੇ ਅਤੇ ਸ ਗੁਰਮੀਤ ਸਿੰਘ ਕੁਲਾਰ ਸ੍ਰੋਮਣੀ ਅਕਾਲੀ ਦਲ ਅਤੇ ਹੋਰ ਸ਼ਖਸੀਅਤਾਂ ਦੀ ਹਾਜਰੀ ਵਿੱਚ ਇਹ ਸਮਾਗਮ ਸਮਾਜ ਵਿਚ "ਬੇਟੀ ਬਚਾਓ ਅਤੇ ਬੇਟੀ ਪੜ੍ਹਾਓ" ਦੀ ਆਵਾਜ਼ ਨੂੰ ਬਲੰਦ ਕਰ ਗਿਆ। "ਇਕ ਸੰਸਾਰ ਇਕ ਪਰਿਵਾਰ , ਇਕ ਪਰਮਾਤਮਾ ਇਕ ਜੋਤ " ਸੰਸਥਾ ਦੇ ਮੁੱਖੀ ਜਸਵੰਤ ਸਿੰਘ ਧੰਜਲ ਵਲੋਂ ਦਿੱਤੇ ਨਾਅਰਿਆਂ ਦੀ ਗੂੰਜ ਨਾਲ ਸੰਸਾਰ ਵਿਚ ਆਪਣੀ ਵਿਲੱਖਣਤਾ ਦਾ ਸੁਨੇਹਾ ਦੇਣ ਵਿੱਚ ਕਮਯਾਬ ਹੋਇਆ।

ਸਮਾਗਮ ਵਿਚ ਪਹੁੰਚੇ ਸਾਰੇ ਮਹਿਮਾਨਾ ਨੂੰ ਲੋਈਆਂ, ਸ਼ਾਲ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਲਈ ਮੇਰੀ ਮਿੰਟ ਸਕੂਲ ਦੇ ਡਾਇਰੈਕਟਰ ਸਰਦਾਰ ਸੰਤੋਖ ਸਿੰਘ ,ਪ੍ਰਿੰਸੀਪਲ ਮੈਡਮ ਬਲਜੀਤ ਕੌਰ ਅਤੇ ਸਕੂਲ ਦੀ ਸਮੁੱਚੀ ਟੀਮ ਨੇ ਸੰਸਥਾ ਦਾ ਤਨੋ ਮਨੋ ਸਾਥ ਦਿੱਤਾ । ਇਸ ਲਈ ਨਿਗਰਾਨ ਸੇਵਾ ਸੰਸਥਾ ਦੇ ਮੁਖੀ ਧੰਜਲ ਨੇ ਸਕੂਲ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ,ਕੈਨੇਡਾ ਤੋਂ ਬੀਬੀ ਮਨਧੀਰ ਕੌਰ ਮਨੂੰ ਅਤੇ ਹੋਰ ਸ਼ਖਸੀਅਤਾਂ ਨੂੰ ਸਕੂਲ ਦੇ ਬੱਚਿਆਂ ਨਾਲ ਸਮਾਗਮ ਦਾ ਹਿੱਸਾ ਬਣਾ ਕੇ ਸਮਾਗਮ ਵਿੱਚ ਸਹਿਯੋਗ ਕਰਨ ਲਈ "ਜੀ ਆਇਆਂ ਆਖਿਆ ਅਤੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕੀਤਾ" ਅਤੇ ਕਿਹਾ ਕਿ ਜਿਨ੍ਹਾਂ ਨੇ ਇਸ ਸਮਾਗਮ ਲਈ ਦੇਸ਼ ਅਤੇ ਵਿਦੇਸ਼ਾਂ ਤੋਂ ਯੋਗਦਾਨ ਪਾ ਕੇ ਕਾਮਯਾਬ ਕੀਤਾ । ਇਸ ਸਮਾਗਮ ਨੂੰ ਨਿੱਖਾਰਣਯੋਗ ਬਣਾਇਆ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਸ ਜਸਵੰਤ ਸਿੰਘ ਧੰਜਲ ਨੇ ਅਪੀਲ ਕੀਤੀ ਕਿ ਭਵਿੱਖ ਵਿਚ ਹੋਣ ਵਾਲੇ ਸਮਾਗਮਾ ਨੂੰ ਵਧੇਰੇ ਨਿੱਖਾਰਣ ਲਈ ਦੇਸ਼ ਅਤੇ ਵਿਦੇਸ਼ਾਂ ਤੋਂ ਸੰਗਤਾਂ ਵਧ ਚੜ੍ਹ ਕੇ ਸਾਥ ਦਿੰਦੀਆਂ ਰਹਿਣਗੀਆਂ। ਇਸ ਸਮਾਗਮ ਵਿੱਚ ਪਹੁੰਚਣ ਵਾਲੇ ਸਕੂਲ ਦੇ ਬੱਚਿਆਂ ਨੇ ਅਤੇ ਹੋਰ ਸਭਨਾਂ ਨੇ ਕੋਰੀਓਗ੍ਰਾਫੀ , ਗੀਤ , ਕਵਿਤਾ , ਗਿਧਾ ,ਮੋਟੀਵੇਟ ਲੈਕਚਰ , ਭੰਡਾ ਦੀਆਂ ਨਕਲਾਂ ਅਤੇ ਬਾਬੇ ਚਿਮਟੇ ਵਾਲੇ ਦੇ ਸ਼ੋ ਆਦਿ ਰਾਹੀਂ ਭਰਪੂਰ ਸਿੱਖਿਆ ਦਾਇਕ ਮਨੋਰੰਜਨ ਕੀਤਾ ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੁਰਮਤਿ ਸਮਾਗਮ ਕਰਵਾਇਆ



ਸ਼ਾਹਪੁਰ, ਤਰਨਤਾਰਨ ਸਾਹਿਬ, 2 ਫਰਵਰੀ (ਗਿਆਨ ਸਿੰਘ): ਸੰਤ ਬਾਬਾ ਦਵਿੰਦਰ ਸਿੰਘ ਜੀ ਵੱਲੋਂ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਜਥੇਦਾਰ ਭਾਈ ਰਣਜੀਤ ਸਿੰਘ ਨੇ ਹਾਜ਼ਰੀ ਲਵਾਈ।

ਸਿੰਘ ਸਾਹਿਬ ਨੇ ਵਿਚਾਰਾਂ ਕਰਦਿਆਂ ਕਿਹਾ ਕਿ 'ਉਦਾਸੀ ਤੇ ਨਿਰਮਲੇ ਸੰਤ ਸਮਾਜ' ਵੱਲੋਂ ਸਿੱਖ ਧਰਮ ਦੀ ਬਹੁਤ ਵੱਡੀ ਸੇਵਾ ਕੀਤੀ ਗਈ ਹੈ। ਸਿੰਘ ਸਾਹਿਬ ਨੇ ਸੰਤ ਸਮਾਜ ਨੂੰ ਅਪੀਲ ਕੀਤੀ ਕਿ ਉਹ ਸਾਡੇ ਪੁਰਾਤਨ ਗ੍ਰੰਥ ਤੇ ਵਿਰਸੇ ਨੂੰ ਸੰਭਾਲਣ ਲਈ ਅੱਗੇ ਆਉਣ, ਤਾਂ ਜੋ ਸਿੱਖੀ ਸਿਧਾਂਤਾਂ ਵਿੱਚ ਕੋਈ ਮਿਲਾਵਟ ਨਾ ਹੋ ਸਕੇ।

ਮੌਜੂਦਾ ਸਮੇਂ ਵਿੱਚ ਮਾਡਰਨ ਮਹੰਤ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿੱਖੀ ਸਿਧਾਂਤਾਂ ਨੂੰ ਤਬਾਹ ਕੀਤਾ ਜਾ ਰਿਹਾ, ਸੋ ਸਾਡਾ ਸਭ ਦਾ ਫਰਜ ਬਣਦਾ ਹੈ



'ਅਕਾਲ ਤਖਤ ਸਾਹਿਬ' ਦੇ ਝੰਡੇ ਹੇਠ ਇਕੱਠੇ ਹੋ ਕੇ ਬਾਦਲ ਪਰਿਵਾਰ ਤੋਂ ਗੁਰੂਘਰਾਂ ਦਾ ਕਬਜ਼ਾ ਛੁਡਾਈਏ, ਤਾਂ ਜੋ ਸਿੱਖੀ ਦੇ ਮਹਾਨ ਵਿਰਸੇ, ਜਾਇਦਾਦਾਂ ਤੇ ਗੁਰੂਘਰ ਦੀਆਂ ਗੋਲਕਾਂ ਨੂੰ ਬਚਾਇਆ ਜਾ ਸਕੇ।

ਸਿੱਖ ਸੰਗਤ ਨੇ ਜਥੇਦਾਰ ਭਾਈ ਰਣਜੀਤ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਿਆਂ 'ਪੰਥਕ ਅਕਾਲੀ ਲਹਿਰ' ਨੂੰ ਹਰ ਤਰ੍ਹਾਂ ਦੇ ਸਹਿਯੋਗ ਦੇਣ ਦਾ ਵਾਅਦਾ ਕੀਤਾ।

# ਫੋਰਡ ਵਲੋਂ ਬਰੈਂਪਟਨ ਵਿੱਚ ਓਨਟਾਰੀਓ ਸਕਿਲਡ ਟਰੇਡਜ਼ ਦੀ ਸਿਖਲਾਈ ਲਈ ਨਿਵੇਸ਼



ਸੁਰਜੀਤ ਸਿੰਘ ਫਲੋਰਾ

ਸਮੁੱਚੇ ਸ਼ੈਰਿਡਨ ਕਾਲਜ ਦੀ ਤਰਫੋਂ ਸ਼ੈਰੀਡਨ ਕਾਲਜ ਦੀ ਪ੍ਰਧਾਨ ਅਤੇ ਵਾਈਸ ਚਾਂਸਲਰ ਡਾ. ਜੈਨੇਟ ਮੌਰਿਸਨ ਨੇ ਪ੍ਰੀਮੀਅਰ ਡੱਫ ਫੋਰਡ ਅਤੇ ਰਾਸ ਰੋਮਨੋ, ਕਾਲਜਾਂ ਅਤੇ ਯੂਨੀਵਰਸਿਟੀਆਂ ਅਤੇ ਮੰਤਰੀ ਪ੍ਰਭਮੀਤ ਸਰਕਾਰੀਆ, ਛੋਟੇ ਕਾਰੋਬਾਰ ਅਤੇ ਰੈਡ ਟੇਪ ਘਟਾਓ ਦੇ ਸਹਿਯੋਗੀ ਮੰਤਰੀ ਦੇ ਨਾਲ ਨਾਲ ਸਾਬਕਾ ਮਿਸੀਸਾਗਾ ਮੇਅਰ ਹੇਜ਼ਲ ਮੈਕ ਕੈਲੀਅਨ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ ।

31 ਜਨਵਰੀ ਨੂੰ, ਫੋਰਡ ਸਰਕਾਰ ਵਲੋਂ ਹੁਨਰਮੰਦ ਕਾਰੋਬਾਰਾਂ ਵਾਲੇ ਵਿਦਿਆਰਥੀਆਂ ਲਈ ਸ਼ੈਰੀਡਨ ਕਾਲਜ ਦੇ ਪ੍ਰੀ-ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਲਈ 50 550,000 ਤੋਂ ਵੱਧ ਦੀ ਘੋਸ਼ਣਾ ਕਰਨ ਲਈ ਪਹੁੰਚੇ ਅਤੇ ਸ਼ੈਰੀਡਨ ਦੇ ਹੁਨਰਮੰਦ ਕਾਰੋਬਾਰ ਪ੍ਰੋਗਰਾਮਾਂ ਦੀ ਵਿੱਤੀ ਸਹਾਇਤਾ ਅਤੇ ਉਦਯੋਗਾਂ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਪ੍ਰੀਮੀਅਰ ਫੋਰਡ ਦਾ ਧੰਨਵਾਦ ਵੀ ਕੀਤਾ। ਓਨਟਾਰੀਓ ਸਰਕਾਰ ਇਹ ਦਿੱਤੇ ਜਾ ਰਹੇ ਫੰਡਾਂ ਨਾਲ ਬਰੈਂਪਟਨ ਵਿੱਚ ਆਪਣੇ ਡੇਵਿਸ ਕੈਂਪਸ ਵਿੱਚ ਸ਼ੈਰਿਡਨ ਕਾਲਜ ਦੇ ਪ੍ਰੀ-ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਦੀ ਸਹਾਇਤਾ ਨਾਲ ਹੁਨਰਮੰਦ ਕਾਰੋਬਾਰਾਂ ਨਾਲ ਵਧੇਰੇ ਵਾਸੀਆਂ ਨੂੰ ਨਾਲ ਤਜ਼ਰਬੇ ਪ੍ਰਦਾਨ ਕਰ ਰਹੀ ਹੈ। ਪ੍ਰੋਗਰਾਮ ਹੁਨਰਮੰਦ ਕਾਰੋਬਾਰਾਂ ਵਿੱਚ ਚੰਗੇ ਨੌਕਰੀਆਂ ਅਤੇ ਕਰੀਅਰ ਲਈ 50 ਲੋਕਾਂ ਨੂੰ ਤਿਆਰ ਕਰਨ ਵਿਚ ਸਹਾਇਤਾ ਕਰਨਗੇ।

ਇਸ ਨਿਵੇਸ਼ ਵਿਚ ਸ਼ੈਰਿਡਨ ਕਾਲਜ ਦੇ ਜਨਰਲ ਮਸ਼ੀਨਨਿਸਟ ਅਤੇ ਉਦਯੋਗਿਕ ਮਕੈਨਿਕ ਮਿੱਲਰਾਈਟ ਪ੍ਰੀ-ਅਪ੍ਰੈਂਟਿਸਸ਼ਿਪ ਪ੍ਰੋਗਰਾਮਾਂ ਲਈ 50 ਹੋਰ ਵਿਦਿਆਰਥੀਆਂ ਲਈ ਪਲੇਸਮੈਂਟ ਬਣਾਉਣ ਲਈ $ 559,837 ਸ਼ਾਮਲ ਹਨ.

ਪ੍ਰੀਮੀਅਰ ਡੱਗ ਫੋਰਡ ਨੇ ਕਿਹਾ, "ਅਗਲੇ ਪੰਜ ਸਾਲਾਂ ਵਿਚ, ਤਿਆਰ ਕੀਤੀਆਂ ਨੌਕਰੀਆਂ ਵਿੱਚੋਂ ਇੱਕ ਨੌਕਰੀ ਹੁਨਰਮੰਦ ਧੰਦੇ ਵਿਚ ਹੋਵੇਗੀ। "ਸਾਨੂੰ ਹੁਣ ਅਤੇ ਭਵਿੱਖ ਦੋਵਾਂ, ਸੜਕਾਂ, ਆਵਾਜਾਈ ਅਤੇ ਬੁਨਿਆਦੀ ਬੁਲਿਦਾਂਚੇ ਨੂੰ ਬਣਾਉਣ ਵਿਚ ਸਾਡੀ ਮਦਦ ਕਰਨ ਲਈ ਸਾਨੂੰ ਵਧੇਰੇ ਹੁਨਰਮੰਦ ਵਰਕਰਾਂ ਦੀ ਜ਼ਰੂਰਤ ਹੈ। ਬਰੈਂਪਟਨ ਵਿਚ ਨੌਜਵਾਨਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਇਹ ਮੰਗ ਵਿਚ, ਵਧੀਆ ਤਨਖਾਹ ਦੇਣ ਵਾਲੇ ਕਰੀਅਰ ਹਨ, ਅਤੇ ਬਿਲਕੁਲ ਇਹ ਹੀ ਕੁਝ ਬਰੈਂਪਟਨ ਦੇ ਵਾਸੀ ਚਹੁੰਦੇ ਹਨ ਹੈ. ਜਿਸ ਦਾ ਅਸੀਂ ਅੱਜ ਦੇ ਐਲਾਨ ਨਾਲ ਕਰ ਰਹੇ ਹਾਂ। "

ਇਹ ਫੰਡ ਓਨਟਾਰੀਓ ਦੇ ਪ੍ਰੀ-ਅਪ੍ਰੈਂਟਿਸਸ਼ਿਪ ਟ੍ਰੇਨਿੰਗ ਪ੍ਰੋਗਰਾਮ ਵਿਚ ਓਨਟਾਰੀਓ ਸਰਕਾਰ ਦੇ ਕੁਲ 20.8 ਮਿਲੀਅਨ ਡਾਲਰ ਦੇ ਨਿਵੇਸ਼ ਦਾ ਹਿਸਾ ਹੈ। ਸਰਕਾਰ ਇਸ ਸਾਲ ਪ੍ਰੋਗਰਾਮ ਵਿਚ 2.5 ਮਿਲੀਅਨ ਦਾ ਸਾਲਾਨਾ ਖਰਚਾ ਵੀ ਵਧਾ ਰਹੀ ਹੈ, ਜਿਸ ਨਾਲ ਪ੍ਰੋਗਰਾਮ ਵਿਚ ਵਾਧੂ 200 ਪਲੇਸਮੈਂਟ ਦੀ ਜਗ੍ਹਾ ਬਣੇਗੀ। ਛੋਟੇ ਕਾਰੋਬਾਰਾਂ ਅਤੇ ਰੇਡ ਟੇਪ ਘਟਾਓ ਦੇ ਸਹਿਯੋਗੀ ਮੰਤਰੀ ਪ੍ਰਭਮੀਤ ਸਰਕਾਰੀਆ ਨੇ ਕਿਹਾ, "ਮੈਂ ਸੂਬਾ ਭਰ ਦੇ ਛੋਟੇ ਕਾਰੋਬਾਰਾਂ ਤੋਂ ਸੁਣਦਾ ਹਾਂ ਕਿ ਹੁਨਰਮੰਦ ਵਪਾਰੀ ਲੋਕਾਂ ਨੂੰ ਉਨ੍ਹਾਂ ਦੇ ਕਾਰੋਬਾਰ ਨੂੰ ਚਲਾਉਣ ਅਤੇ ਇਸ ਨੂੰ ਵਧਾਉਣ ਦੀ ਜ਼ਰੂਰਤ ਹੈ. "ਜਿਵੇਂ ਕਿ ਸਾਡੀ ਸਰਕਾਰ ਨੌਕਰੀ ਅਤੇ ਆਰਥਿਕ ਵਿਕਾਸ ਲਈ ਵਾਤਾਵਰਣ ਦਾ ਨਿਰਮਾਣ ਕਰਦੀ ਹੈ, ਬਰੈਂਪਟਨ ਅਤੇ ਪੂਰੇ ਓਨਟਾਰੀਓ ਵਿਚ ਹੁਨਰਮੰਦ ਕਾਰੋਬਾਰਾਂ ਦੀ ਬਹੁਤ ਜ਼ਿਆਦਾ ਮੰਗ ਹੈ ਅਤੇ ਇਥੇ ਇਹ ਸਭ ਕੁਝ ਹੈ, ਅਤੇ ਇੱਕ ਵਧੀਆ ਕੈਰੀਅਰ ਦੀ ਚੋਣ ਲਈ ਬਰੈਂਪਟਨ ਇਕ ਚੰਗਾ ਸ਼ਹਿਰ ਹੈ, ਇਸ ਘੋਸ਼ਣਾ ਦੇ ਨਾਲ, ਅਸੀ ਆਪਣੇ ਨੌਜਵਾਨਾਂ ਨੂੰ ਕੱਲ ਦੀਆਂ ਨੌਕਰੀਆਂ ਲਈ ਤਿਆਰ ਕਰ ਰਹੇ ਹਾਂ, ਇਸ ਦੇ ਨਾਲ ਹੀ ਲੇਬਰ, ਟ੍ਰੇਨਿੰਗ ਅਤੇ ਹੁਨਰ ਵਿਕਾਸ ਮੰਤਰੀ ਮੋਂਟੇ ਮੈਕਨਹੋਟਨ ਨੇ ਕਿਹਾ, "ਬਰੈਂਪਟਨ ਅਤੇ ਪੂਰੇ ਪ੍ਰਾਂਤ ਵਿਚ, ਇਥੇ ਹਰ ਰੋਜ਼ ਹਜ਼ਾਰਾਂ ਨੌਕਰੀਆਂ ਖਾਲੀ ਹੁੰਦੀਆਂ ਹਨ। "ਇਹ ਤਨਖਾਹਾਂ ਇਕੱਤਰ ਕਰਨ ਦਾ ਇੰਤਜ਼ਾਰ ਕਰ ਰਹੀਆਂ ਹਨ। ਪਰ ਕਾਮੇ ਉਥੇ ਨਹੀ ਹਨ। ਸਾਡਾ ਮਿਸ਼ਨ ਬਰੈਂਪਟਨ ਅਤੇ ਉਸ ਤੋ ਬਾਹਰ ਉਸ ਹੁਨਰ ਦੇ ਪਾੜੇ ਨੂੰ ਦੂਰ ਕਰਨਾ ਹੈ। ਸ਼ੈਰੀਡਨ ਵਿਖੇ ਅੱਜ ਐਲਾਨ, ਦੋ ਮਸ਼ੀਨਾਂ ਅਤੇ ਮਿਲਵਰਾਈਟ ਵਰਗੇ ਇਨ-ਡਿਮਾਂਡ ਟਰੇਡਾਂ ਨੂੰ ਸਿਖਲਾਈ ਦੇਣਾ, ਦਾ ਇਕ ਉਤਮ ਕਦਮ ਹੈ। "

"ਓਨਟਾਰੀਓ ਕਾਲਜ ਵਿਦਿਆਰਥੀਆਂ ਨੂੰ ਹੁਨਰਮੰਦ ਪੇਸ਼ਿਆਂ ਵਿੱਚ ਮਾਣਮੱਤੇ ਪੇਸ਼ੇਵਰ ਕੈਰੀਅਰ ਲਈ ਤਿਆਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ," ਕਾਲਜ ਅਤੇ ਯੂਨੀਵਰਸਿਟੀ ਦੇ ਮੰਤਰੀ ਰਾਸ ਰੋਮਨੋ ਨੇ ਕਿਹਾ। "ਸਾਡੇ ਕਲਾਸਰੂਮਾਂ ਵਿਚ ਸਿਖਲਾਈ ਅਤੇ ਹੁਨਰਮੰਦ ਟ੍ਰੇਡਾਂ ਦੀ 81 ਪ੍ਰਤੀਸ਼ਤ ਸਿਖਲਾਈ ਪੂਰੀ ਹੋਣ ਨਾਲ, ਸ਼ੈਰੀਡਨ ਵਿਖੇ ਜਨਰਲ ਮਕੈਨੀਸਟ ਅਤੇ ਉਦਯੋਗਿਕ ਮਕੈਨਿਕ ਮਿੱਲਰਾਈਟ ਪ੍ਰੋਗਰਾਮਾਂ ਸਥਾਨਕ ਲੇਬਰ ਮਾਰਕੀਟ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਸਹਾਇਤਾ ਕਰ ਰਹੀਆਂ ਹਨ ਅਤੇ ਵਿਦਿਆਰਥੀਆਂ ਨੂੰ ਆਪਣੇ ਕਰੀਅਰ ਵਿਚ ਸਫਲਤਾ ਪ੍ਰਦਾਨ ਕਰਨ ਲਈ ਸਥਾਪਤ ਕਰ ਰਹੀ ਹੈ."

ਪ੍ਰੀ-ਅਪ੍ਰੈਂਟਿਸਸ਼ਿਪ ਸਿਖਲਾਈ ਓਨਟਾਰੀਓ ਦੇ ਸਾਰੇ ਵਸਨੀਕਾਂ ਲਈ ਇੱਕ ਵਿਕਲਪ ਵਜੋਂ ਕਾਰੋਬਾਰਾਂ ਵਿੱਚ ਕਰੀਅਰ ਨੂੰ ਉਤਸ਼ਾਹਤ ਕਰਦੀ ਹੈ, ਜਿਸ ਵਿੱਚ ਜੋਖਮ ਵਿੱਚ ਜਵਾਨ, ਨਵੇਂ ਕੈਨੇਡੀਅਨਾਂ,ਸਵਦੇਸ਼ੀ ਲੋਕ ਸ਼ਾਮਲ ਹਨ. ਸਿਖਲਾਈ ਪ੍ਰੋਗਰਾਮ ਮੁਫਤ ਹੁੰਦੇ ਹਨ, ਇਕ ਸਾਲ ਤੱਕ ਦੇ ਹੁੰਦੇ ਹਨ ਅਤੇ ਅਕਸਰ ਕਲਾਸਰੂਮ ਦੀ ਸਿਖਲਾਈ ਨੂੰ 8-12 ਹਫ਼ਤੇ ਦੇ ਕੰਮ ਦੀ ਪਲੇਸਮੈਂਟ ਨਾਲ ਜੋੜਦੇ ਹਨ।













GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



# ਡਾ. ਦਲੀਪ ਕੌਰ ਟਿਵਾਣਾ ਦੇ ਸੁਰਗਵਾਸ ਹੋਣ ’ਤੇ ਪ੍ਰੋ: ਗੁਰਭਜਨ ਸਿੰਘ ਗਿੱਲ ਵੱਲੋਂ ਅਫਸੋਸ ਦਾ ਪ੍ਰਗਟਾਵਾ

(ਗੁਰਭਿੰਦਰ ਗੁਰੀ): ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਜੀਵਨ ਫੈਲੋ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਦਲੀਪ ਕੌਰ ਟਿਵਾਣਾ ਅੱਜ ਲੰਮੀ ਬੀਮਾਰੀ ਉਪਰੰਤ ਮੋਹਾਲੀ ਦੇ ਇੱਕ ਹਸਪਤਾਲ ਚ ਸਦੀਵੀ ਵਿਛੋੜਾ ਦੇ ਗਏ ਹਨ। ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਹਮੇਸ਼ਾਂ ਸਾਡੇ ਪੰਥ ਪ੍ਰਦਰਸ਼ਕ ਰਹੇ।

ਦਲੀਪ ਕੌਰ ਟਿਵਾਣਾ 1935 ਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੱਬੋਂ ਵਿਖੇ ਪੈਦਾ ਹੋਏ ਸਨ। ਪਦਮ ਸ਼੍ਰੀ ਦੀ ਉਪਾਧੀ ਨਾਲ ਸਨਮਾਨਿਤ ਦਲੀਪ ਕੌਰ ਟਿਵਾਣਾ ਪੰਜਾਬੀ ਸਾਹਿਤ ਦੀ ਪ੍ਰਮੁਖ ਨਾਵਲਕਾਰ ਸਨ। ਪੰਜਾਬੀ ਸਾਹਿਤ ਜਗਤ ਵਿੱਚ ਉਹ ਪਹਿਲੀ ਔਰਤ ਸਨ ਜਿਸ ਦੀ ਰਚਨਾ ਕਥਾ ਕਹੋ ਉਰਵਸ਼ੀ ਨੂੰ ਕੇ.ਕੇ. ਬਿਰਲਾ ਫਾਊਂਡੇਸ਼ਨ ਵੱਲੋਂ ਸਰਸਵਤੀ ਸਨਮਾਨ ਦਿੱਤਾ ਗਿਆ । ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਸਨਮਾਨ , ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਅਤੇ ਪੰਜਾਬੀ ਅਕਾਦਮੀ ਦਿੱਲੀ ਦਾ ਦਹਾਕੇ ( 1980-90 ) ਦੀ ਸਰਬੋਤਮ ਨਾਵਲਕਾਰ ਪੁਰਸਕਾਰ ਵੀ ਡਾ: ਟਿਵਾਣਾ ਨੂੰ ਪ੍ਰਾਪਤ ਹੋਇਆ । ਇਸ ਤੋਂ ਬਿਨਾਂ ਉਸ ਦੁਆਰਾ ਬੱਚਿਆਂ ਲਈ ਰਚਿਤ ਪੁਸਤਕ ਪੰਜਾਂ ਵਿੱਚ ਪ੍ਰਮੇਸ਼ਰ ਨੂੰ ਸਿੱਖਿਆ ਅਤੇ ਸਮਾਜ ਭਲਾਈ ਮੰਤਰਾਲੇ ਵੱਲੋਂ ਸਨਮਾਨਿਆ ਗਿਆ । ਟਿਵਾਣਾ ਦੀ ਸ੍ਵੈਜੀਵਨੀ ਨੰਗੇ ਪੈਰਾਂ ਦਾ ਸਫ਼ਰ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਗੁਰਮੁਖ ਸਿੰਘ ਮੁਸਾਫਿਰ ਅਵਾਰਡ ਪ੍ਰਾਪਤ ਹੋਇਆ ।

ਡਾ: ਦਲੀਪ ਕੌਰ ਟਿਵਾਣਾ ਪੰਜਾਬੀ ਯੂਨੀਵਰਸਿਟੀ ਵਿੱਚ ਲੈਕਚਰਾਰ ਬਣ ਕੇ ਆਉਣ ਵਾਲੀ ਪਹਿਲੀ ਔਰਤ ਸਨ , ਫਿਰ ਔਰਤਾਂ ਵਿੱਚੋਂ ਪ੍ਰੋਫ਼ੈਸਰ , ਵਿਭਾਗ ਦੀ ਮੁਖੀ , ਡੀਨ , ਭਾਸ਼ਾਵਾਂ ਵੀ ਸਭ ਤੋਂ ਪਹਿਲਾਂ ਬਣੇ । ਭਾਰਤ ਸਰਕਾਰ ਵੱਲੋਂ 2004 ਵਿੱਚ ਟਿਵਾਣਾ ਨੂੰ ਪਦਮ ਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ । ਜਲੰਧਰ ਦੂਰਦਰਸ਼ਨ ਨੇ ਟਿਵਾਣਾ ਦੀ ਸ਼ਖ਼ਸੀਅਤ ਅਤੇ ਸਿਰਜਕ ਪ੍ਰਕਿਰਿਆ ਬਾਰੇ ਇੱਕ ਦਸਤਾਵੇਜ਼ੀ ਫਿਲਮ ਸੱਚੋ ਸੱਚ ਦੱਸ ਵੇ ਜੋਗੀ ਬਣਾਈ ।

ਪਰ ਏਨੀਆਂ ਸਾਰੀਆਂ ਪ੍ਰਾਪਤੀਆਂ ਤੇ ਸਨਮਾਨਾਂ ਦੇ ਬਾਵਜੂਦ ਉਹ ਬਹੁਤ ਨਿਰਮਾਣ ਅਤੇ ਸਹਿਜ ਸਨ। ਨਿਰਸੰਦੇਹ ਟਿਵਾਣਾ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਆਦਰਸ਼ ਬਣਿਆ ।

ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ 1935 ਨੂੰ ਜ਼ਿਲ੍ਹਾ ਲੁਧਿਆਣਾ ਦੇ ਇੱਕ ਪਿੰਡ ਰੱਬੋਂ ਵਿੱਚ ਪਿਤਾ ਸ. ਕਾਕਾ ਸਿੰਘ ਅਤੇ ਮਾਤਾ ਚੰਦ ਕੌਰ ਦੇ ਘਰ ਹੋਇਆ । ਪਾਲਣਾ-ਪੋਸ਼ਣਾ ਪਟਿਆਲੇ ਵਿੱਚ ਹੋਈ , ਜਿੱਥੇ ਟਿਵਾਣਾ ਦੇ ਫੁੱਫੜ ਸਰਦਾਰ ਤਾਰਾ ਸਿੰਘ ਸਿੱਧੂ ਜੇਲ੍ਹਾਂ ਦੇ



ਇੰਸਪੈਕਟਰ ਜਨਰਲ ਸਨ । ਦਲੀਪ ਕੌਰ ਟਿਵਾਣਾ ਨੂੰ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ । ਇਹੀ ਸ਼ੌਕ ਬਾਅਦ ਵਿੱਚ ਸਾਹਿਤ ਰਚਣ ਦੀ ਪ੍ਰੇਰਨਾ ਬਣਿਆ । ਐਮ.ਏ. ਦੀ ਪੜ੍ਹਾਈ ਯੂਨੀਵਰਸਿਟੀ ਵਿੱਚੋਂ ਪਹਿਲੀ ਪੁਜੀਸ਼ਨ ਨਾਲ ਪੂਰੀ ਕੀਤੀ । ਐਮ.ਏ. ਤੋਂ ਬਾਅਦ ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਤੋਂ ਪੀ-ਐਚ.ਡੀ. ਦੀ ਡਿਗਰੀ ਹਾਸਲ ਕੀਤੀ । ਲੰਮਾ ਸਮਾਂ ਉਹ ਇੱਕ ਅਧਿਆਪਕ ਵੱਜੋਂ ਵਿਚਰੇ । ਵਿਦਿਆਰਥੀਆਂ ਨਾਲ ਉਸ ਦਾ ਰਿਸ਼ਤਾ ਹਮੇਸ਼ਾਂ ਹੀ ਪਰਿਵਾਰ ਦੇ ਜੀਆਂ ਵਰਗਾ ਰਿਹਾ । ਮੋਹਨ ਸਿੰਘ ਦੀਵਾਨਾ ਅਤੇ ਪ੍ਰੀਤਮ ਸਿੰਘ ਵਰਗੇ ਦਰਵੇਸ਼ ਪੁਰਸ਼ਾਂ ਦੀ ਸੰਗਤ ਨੇ ਉਸ ਨੂੰ ਜ਼ਿੰਦਗੀ ਵਿੱਚ ਕੁਝ ਵੱਡਾ ਕਰਨ ਤੇ ਬਣਨ ਲਈ ਪ੍ਰੇਰਿਆ ।

ਟਿਵਾਣਾ ਨੇ ਤੀਹ ਨਾਵਲਾਂ , ਸੱਤ ਕਹਾਣੀ-ਸੰਗ੍ਰਹਿਆਂ ਅਤੇ ਸ੍ਵੈਜੀਵਨੀ ਦੀ ਸਿਰਜਣਾ ਵੀ ਕੀਤੀ । ਇਸ ਤੋਂ ਬਿਨਾਂ ਤਿੰਨ ਆਲੋਚਨਾ ਪੁਸਤਕਾਂ , ਤਿੰਨ ਪੁਸਤਕਾਂ ਬੱਚਿਆਂ ਲਈ ਅਤੇ ਦੋ ਵਾਰਤਕ ਸੰਗ੍ਰਹਿਆਂ ਦੀ ਰਚਨਾ ਵੀ ਕੀਤੀ । ਡਾ:ਟਿਵਾਣਾ ਦਾ ਸਾਹਿਤਿਕ ਸਫ਼ਰ 1961 ਵਿੱਚ ਕਹਾਣੀਆਂ ਦੀ ਕਿਤਾਬ ਸਾਧਨਾ ਨਾਲ ਅਰੰਭ ਹੋਇਆ । ਉਨ੍ਹਾਂ ਦੀ ਇਸ ਪਹਿਲੀ ਕਿਤਾਬ ਨੂੰ ਹੀ ਭਾਸ਼ਾ ਵਿਭਾਗ ਵੱਲੋਂ ਸਾਲ ਦੀ ਸਰਬੋਤਮ ਕਿਤਾਬ ਦਾ ਇਨਾਮ ਪ੍ਰਾਪਤ ਹੋਇਆ । ਪ੍ਰਬਲ ਵਹਿਣ , ਤੂੰ ਭਰੀਂ ਹੁੰਗਾਰਾ , ਇੱਕ ਕੁੜੀ , ਤੇਰਾ ਕਮਰਾ ਮੇਰਾ ਕਮਰਾ ਉਸ ਦੇ ਕੁਝ ਹੋਰ ਕਹਾਣੀ-ਸੰਗ੍ਰਹਿ ਹਨ । ਉਸ ਦੀਆਂ ਕਹਾਣੀਆਂ ਮਰਦ-ਔਰਤ ਸੰਬੰਧਾਂ ਦੇ ਪ੍ਰਸੰਗ ਵਿੱਚ ਔਰਤ ਦੇ ਦੁੱਖ-ਸੁੱਖ ਦੀ ਬਾਤ ਪਾਉਂਦੀਆਂ ਹਨ ।

ਡਾ: ਟਿਵਾਣਾ ਦਾ ਪਹਿਲਾ ਨਾਵਲ ਅਗਨੀ ਪ੍ਰੀਖਿਆ ( 1967 ) ਚ ਡਾ: ਮ ਸ ਰੰਧਾਵਾ ਦੀ ਪ੍ਰੇਰਨਾ ਨਾਲ ਛਪਿਆ। ਏਹੁ ਹਮਾਰਾ ਜੀਵਣਾ ( 1968 ) ਉਸ ਦਾ ਦੂਸਰਾ ਨਾਵਲ ਸੀ ਜਿਸ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ । ਇਸ ਨਾਵਲ ਦਾ ਅੰਗਰੇਜ਼ੀ ਅਤੇ ਹਿੰਦੀ ਸਮੇਤ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਅਤੇ ਦੂਰਦਰਸ਼ਨ ਜਲੰਧਰ ਨੇ ਇਸ ਨਾਵਲ ਤੇ ਆਧਾਰਿਤ ਇੱਕ ਟੀ.ਵੀ. ਸੀਰੀਅਲ ਦਾ ਨਿਰਮਾਣ ਕੀਤਾ । ਇਸ ਨਾਵਲ ਰਾਹੀਂ ਟਿਵਾਣਾ ਔਰਤ ਦੀਆਂ ਸਮੱਸਿਆਵਾਂ ਦੀ ਗੱਲ ਕਰਦੀ ਬੁਰੀ ਸਮਾਜਿਕ ਵਿਵਸਥਾ ਉਪਰ ਤਿੱਖਾ ਵਿਅੰਗ ਕਸਦੀ ਹੈ । ਤੀਲੀ ਦਾ ਨਿਸ਼ਾਨ ( 1970 ) , ਦੂਸਰੀ ਸੀਤਾ ( 1975 ) , ਹਸਤਾਖਰ ( 1982 ) , ਰਿਣ ਪਿਤਰਾਂ ਦਾ ( 1986 ) , ਐਰ ਵੈਰ ਮਿਲਦਿਆਂ ( 1986 ) , ਲੰਘ ਗਏ ਦਰਿਆ ( 1990 ) , ਕਥਾ ਕੁਕਨੁਸ ਦੀ ( 1990 ) ਅਤੇ ਕਥਾ ਕਹੋ ਉਰਵਸੀ ( 1999 ) ਉਸ ਦੇ ਕੁਝ ਹੋਰ ਪ੍ਰਸਿੱਧ ਨਾਵਲ ਹਨ । ਉਸ ਦੇ ਨਾਵਲ ਉਸ ਔਰਤ ਦੀ ਕਥਾ ਕਹਿੰਦੇ ਹਨ ਜਿਹੜੀ ਆਪਣੇ ਲਈ ਆਦਰਸ਼ਕ ਘਰ ਅਤੇ ਮਾਣ ਸਨਮਾਨ ਦੋਵਾਂ ਦੀ ਤਲਾਸ਼ ਵਿੱਚ ਹੈ । ਇਸ ਤਲਾਸ਼ ਦੇ ਸਫ਼ਰ ਤੇ ਉਹ ਕਿਧਰੇ ਵੀ ਸਮਾਜ ਦੁਆਰਾ ਸਥਾਪਿਤ ਔਰਤ ਦੀਆਂ ਉਚੇਰੀਆਂ ਕਦਰਾਂ ਤੋਂ ਕਿਨਾਰਾ ਨਹੀਂ ਕਰਦੀ । ਟਿਵਾਣਾ ਦੇ ਗਲਪ ਵਿੱਚ ਔਰਤ ਰਿਸ਼ਤਿਆਂ ਦੇ ਆਦਰਸ਼ਕ ਰੂਪ ਦਾ ਪ੍ਰਤੀਕ ਹੈ । ਉਹ ਪਰੰਪਰਿਕ ਉਚੇਰੀਆਂ ਕਦਰਾਂ ਅਤੇ ਆਧੁਨਿਕ ਸੋਚ ਦੋਹਾਂ ਨਾਲ ਇੱਕੋ ਵੇਲੇ ਜੁੜੀ ਹੋਈ ਹੈ । ਟਿਵਾਣਾ ਦੇ ਨਾਵਲਾਂ ਦਾ ਇੱਕ ਹੋਰ ਪਸਾਰ ਮਨੁੱਖੀ ਜੀਵਨ ਦੀਆਂ ਮੂਲ ਸਮੱਸਿਆਵਾਂ ਨੂੰ ਸਮਝਣ ਨਾਲ ਸੰਬੰਧਿਤ ਹੈ । ਜੀਵਨ ਕੀ ਹੈ , ਕਿਉਂ ਹੈ , ਅਸੀਂ ਕਿੱਥੋਂ ਆਏ ਹਾਂ , ਕਿੱਥੇ ਜਾਣਾ ਹੈ , ਰਿਸ਼ਤੇ ਕੀ ਹਨ ਅਤੇ ਅਜਿਹੇ ਹੀ ਅਨੇਕਾਂ ਹੋਰ ਸੁਆਲਾਂ ਦਾ ਉੱਤਰ ਉਹ ਆਪਣੇ ਨਾਵਲੀ ਜਗਤ ਰਾਹੀਂ ਤਲਾਸ਼ਦੀ ਹੈ । ਇਸ ਰਾਹ ’ਤੇ ਤੁਰਦਿਆਂ ਪੁਰਾਤਨ ਇਤਿਹਾਸ , ਮਿਥਿਹਾਸ ਤੇ ਧਰਮ ਉਸ ਦੇ ਰਾਹ ਦਸੇਰੇ ਬਣਦੇ ਹਨ । ਇਸ ਪ੍ਰਸੰਗ ਵਿੱਚ ਉਸ ਦਾ ਚਰਚਿਤ ਨਾਵਲ ਕਥਾ ਕਹੋ ਉਰਵਸ਼ੀ ਜ਼ਿੰਦਗੀ ਅਤੇ ਮੌਤ ਦੇ ਭੇਤਾਂ ਦੀ ਲੰਮੀ ਦਾਸਤਾਨ ਹੈ ।

ਥੋੜ੍ਹੇ ਸ਼ਬਦਾਂ ’ਚ ਬਹੁਤੀ ਗੱਲ ਕਹਿਣੀ ਅਤੇ ਉਹ ਵੀ ਕਾਵਿਕ ਅੰਦਾਜ਼ ’ਚ ਇਹ ਟਿਵਾਣਾ ਦੀ ਨਾਵਲੀ ਕਲਾ ਦੀ ਪ੍ਰਮੁਖ ਪਛਾਣ ਸੀ । ਲੋਕ ਅਖਾਣਾਂ ਤੇ ਲੋਕ ਕਹਾਣੀਆਂ ਦੀ ਵਰਤੋਂ ਉਸ ਦੁਆਰਾ ਰਚਿਤ ਨਾਵਲੀ ਪਾਠ ਨੂੰ ਜਿੱਥੇ ਰੋਚਕ ਬਣਾਉਂਦੀ ਉੱਥੇ ਨਾਲ ਹੀ ਡੂੰਘੇ ਅਰਥ ਵੀ ਪ੍ਰਦਾਨ ਕਰਦੀ ਸੀ।

# ਹੁਨਰ ਵਿਕਾਸ ਹੀ ਰੋਜ਼ਗਾਰ ਹਾਸਲ ਕਰਨ ਦੀ ਕੁੰਜੀ

-ਪ੍ਰੋ. ਵਿਧੂ ਰਾਵਲ



ਨੱਬੇ ਦੇ ਦਹਾਕੇ ਦੀ ਸ਼ੁਰੂਆਤ 'ਚ ਉਦਾਰੀਕਰਨ ਕਾਰਨ ਏਸ਼ੀਆ ਦੀਆਂ ਕਈ ਅਰਥ ਵਿਵਸਥਾਵਾਂ ਵਾਂਗ ਭਾਰਤ ਵਿੱਚ ਵੀ ਰਵਾਇਤੀ ਮੈਨੂਫੈਕਚਰਿੰਗ ਸੈਕਟਰ ਨੂੰ ਛੱਡ ਕੇ ਸਰਵਿਸ ਸੈਕਟਰ ਉਤਸ਼ਾਹਤ ਕੀਤਾ ਜਾਣ ਲੱਗਾ। ਬਹੁਭਾਸ਼ੀ ਹੋਣ ਕਾਰਨ ਭਾਰਤੀਆਂ ਨੂੰ ਸਰਵਿਸ ਸੈਕਟਰ ਪਸੰਦ ਆ ਗਿਆ ਅਤੇ ਚੀਨ, ਕੋਰੀਆ ਤੇ ਤਾਈਵਾਨ ਵਰਗੀਆਂ ਹੋਰਨਾਂ ਏਸ਼ੀਆਈ ਅਰਥ ਵਿਵਸਥਾਵਾਂ ਵਾਂਗ ਭਾਰਤ ਨੂੰ ਵੀ ਇਸ ਮੋਰਚੇ 'ਤੇ ਜ਼ਬਰਦਸਤ ਸਫਲਤਾ ਮਿਲੀ ਹੈ। ਮੌਕਿਆਂ ਦੀ ਸੰਭਾਵਨਾ ਨੂੰ ਤਾੜਦਿਆਂ ਵਿਦਿਆਰਥੀਆਂ 'ਚ ਸੂਚਨਾ ਟੈਕਨਾਲੋਜੀ ਅਤੇ ਸਾਫਟਵੇਅਰ ਇੰਜੀਨੀਅਰਿੰਗ ਦੀ ਹਰਮਨ ਪਿਆਰਤਾ ਅਸਮਾਨ ਛੂਹਣ ਲੱਗੀ, ਜਿਸ ਦੇ ਸਿੱਟੇ ਵਜੋਂ ਇੰਜੀਨੀਅਰਿੰਗ ਕਾਲਜਾਂ ਦੀ ਭਰਮਾਰ ਹੋਈ ਤੇ ਸਾਫਟਵੇਅਰ ਇੰਜੀਨੀਅਰਾਂ ਦਾ ਹੜ੍ਹ ਆ ਗਿਆ, ਪਰ ਰੋਜ਼ਗਾਰ ਲੱਭਣ ਦਾ ਚੱਕਰ ਮੰਗ ਅਤੇ ਸਪਲਾਈ ਦੇ ਸੰਤੁਲਨ 'ਤੇ ਚੱਲਦਾ ਹੈ।

ਮੰਗ ਤੋਂ ਜ਼ਿਆਦਾ ਇੰਜੀਨੀਅਰਾਂ ਦੀ ਸਪਲਾਈ ਹੋਣ ਕਾਰਨ ਕੁਝ ਸੰਭਲ ਸਕਣ ਤੋਂ ਪਹਿਲਾਂ ਹੀ ਸਾਡੇ ਸਾਹਮਣੇ ਯੋਗ, ਪਰ ਬੇਰੋਜ਼ਗਾਰ ਇੰਜੀਨੀਅਰਾਂ ਦੀ ਫੌਜ ਖੜ੍ਹੀ ਹੋ ਗਈ। ਹੋਰਨਾਂ ਵਿਸ਼ਿਆਂ ਵਿੱਚ ਡਿਗਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਸਥਿਤੀ ਵੀ ਇਸ ਨਾਲੋਂ ਬਿਹਤਰੀ ਨਹੀਂ ਰਹੀ। ਹਰ ਸਾਲ ਇੱਕ ਕਰੋੜ ਤੋਂ ਜ਼ਿਆਦਾ ਨੌਜਵਾਨ ਵੱਖ ਵੱਖ ਵਿਸ਼ਿਆਂ ਵਿੱਚ ਗ੍ਰੈਜੂਏਸ਼ਨ ਕਰਦੇ ਹਨ, ਪਰ ਉਨ੍ਹਾਂ 'ਚੋਂ ਸਿਰਫ 20 ਫੀਸਦੀ ਨੂੰ ਹੁਨਰ ਮੁਤਾਬਕ ਰੋਜ਼ਗਾਰ ਮਿਲਦਾ ਹੈ, ਜਿਸ ਕਾਰਨ ਸਮੇਂ ਦੇ ਨਾਲ ਮੰਗ ਤੇ ਸਪਲਾਈ ਵਿਚਾਲੇ ਅਸੰਤੁਲਨ ਵਧਣ ਲੱਗਾ ਤੇ ਬੇਰੋਜ਼ਗਾਰੀ ਦੀ ਸਮੱਸਿਆ ਪੈਦਾ ਹੋ ਗਈ। ਮੌਜੂਦਾ ਸਥਿਤੀ ਵਿੱਚ ਦੇਸ਼ 'ਚ ਬਹੁਤ ਸਾਰੇ ਅਜਿਹੇ ਨੌਜਵਾਨ ਹਨ, ਜੋ ਯੋਗ ਤਾਂ ਹਨ, ਪਰ ਜ਼ਰੂਰੀ ਹੁਨਰ ਨਾ ਹੋਣ ਕਾਰਨ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਨਾਕਾਮ ਹਨ।

ਅਧਿਐਨ ਮੁਤਾਬਕ ਕਈ ਗ੍ਰੈਜੂਏਟ ਅਤੇ ਮਾਸਟਰ ਡਿਗਰੀ ਹੋਲਡਰ ਨੌਜਵਾਨ ਬੈਂਕ ਕਲਰਕ ਜਾਂ ਸਫਾਈ ਮੁਲਾਜ਼ਮ ਦੀ ਨੌਕਰੀ ਤੱਕ ਲਈ ਅਪਲਾਈ ਕਰ ਰਹੇ ਹਨ। ਇਹ ਨਾ ਮੁੱਕਣ ਵਾਲਾ ਚੱਕਰ ਹੈ, ਜਿਸ ਵਿੱਚ ਯੋਗਤਾ ਹੋਣ ਦੇ ਬਾਵਜੂਦ ਸੰਬੰਧਤ ਖੇਤਰ ਵਿੱਚ ਨੌਕਰੀਆਂ ਦੀ ਘਾਟ ਕਾਰਨ ਜਦੋਂ ਨੌਜਵਾਨ ਲੰਬੇ ਸਮੇਂ ਤੱਕ ਬੇਰੋਜ਼ਗਾਰ ਰਹਿੰਦੇ ਹਨ ਤਾਂ ਗੁਜ਼ਾਰੇ ਲਈ ਉਹ ਕਿਸੇ ਹੋਰ ਖੇਤਰ ਵਿੱਚ ਰੋਜ਼ਗਾਰ ਲੱਭਣਾ ਸ਼ੁਰੂ ਕਰ ਦਿੰਦੇ ਹਨ। ਲੋੜ ਇਸ ਗੱਲ ਦੀ ਹੈ ਕਿ ਸੰਬੰਧਤ ਖੇਤਰ ਜਾਂ ਹੁਨਰ ਵਿੱਚ ਮੁਹਾਰਤ ਹਾਸਲ ਕੀਤੀ ਜਾਵੇ, ਜਿਸ ਨਾਲ ਉਨ੍ਹਾਂ ਨੂੰ ਰੋਜ਼ਗਾਰ ਹਾਸਲ ਕਰਨ ਵਿਚ ਮਦਦ ਮਿਲ ਸਕੇ। ਇਸ ਲਈ ਯੋਗਤਾ ਹਾਸਲ ਕਰ ਕੇ ਬੇਰੋਜ਼ਗਾਰ ਰਹਿਣ ਨਾਲੋਂ ਹੁਨਰ ਸਿੱਖ ਕੇ ਰੋਜ਼ਗਾਰ ਹਾਸਲ ਕਰਨਾ ਬਿਹਤਰ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਦੁਨੀਆ ਦੀ ਸਭ ਤੋਂ ਜ਼ਿਆਦਾ ਨੌਜਵਾਨ ਆਬਾਦੀ ਰਹਿੰਦੀ ਹੈ। ਲਗਭਗ 65 ਫੀਸਦੀ ਭਾਰਤੀ 35 ਸਾਲ ਤੋਂ ਘੱਟ ਉਮਰ ਦੇ ਹਨ। ਹਾਲਾਂਕਿ ਭਾਰਤ ਕੋਲ ਇਹ ਆਬਾਦੀ ਅੰਕੜਾ ਲਾਹੇਵੰਦ ਹੈ, ਫਿਰ ਵੀ ਰੋਜ਼ਗਾਰਾਂ ਦੀ ਸਿਰਜਣਾ ਕਰ ਕੇ ਇੰਨੇ ਸਾਰੇ ਭਾਰਤੀਆਂ ਨੂੰ ਕੰਮ ਦੇਣਾ ਚੁਣੌਤੀ ਪੂਰਨ ਹੈ।

ਮੌਜੂਦਾ ਕੇਂਦਰ ਸਰਕਾਰ ਨੇ ਸੱਤਾ ਵਿੱਚ ਆਉਂਦਿਆਂ ਹੀ ਹੁਨਰ ਵਿਕਾਸ ਅਤੇ ਸਵੈ ਰੋਜ਼ਗਾਰ ਮੰਤਰਾਲਾ ਬਣ ਕੇ ਸਾਰੇ ਰਾਜਾਂ ਲਈ ਸਟੇਟ ਹੁਨਰ ਵਿਕਾਸ ਮਿਸ਼ਨ ਦਾ ਰੋਡ ਮੈਪ ਬਣਾਇਆ ਅਤੇ ਦੇਸ਼ ਵਿੱਚ ‘ਸਕਿਲ ਇੰਡੀਆ’ ਦੀ ਖਾਹਿਸ਼ੀ ਮੁਹਿੰਮ ਸ਼ੁਰੂ ਕੀਤੀ, ਜਿਸ ਹੇਠ ਨੌਜਵਾਨਾਂ ਨੂੰ ਰੋਜ਼ਗਾਰ ਪੱਖੀ ਕੋਰਸ ਕਰਵਾ ਕੇ ਹੁਨਰਮੰਦ ਬਣਾਇਆ ਜਾਂਦਾ ਹੈ ਤੇ ਦੂਜੇ ਪਾਸੇ ਰੋਜ਼ਗਾਰਾਂ ਦੀ ਸਿਰਜਣਾ ਲਈ ‘ਮੇਕ ਇਨ ਇੰਡੀਆ’ ਅਤੇ ‘ਡਿਜੀਟਲ ਇੰਡੀਆ’ ਵਰਗੀਆਂ ਖਾਹਿਸ਼ੀ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨੂੰ ਹੁਨਰਮੰਦ ਬਣਾਉਣ ਦਾ ਵਿਚਾਰ ਤੇ ਜ਼ਰੂਰੀ ਮੁਹਾਰਤ ਨਾਲ ਨੌਜਵਾਨ ਟਾਸਕ ਫੋਰਸ ਤਿਆਰ ਕਰਨ ਦੀ ਮੰਗ ਸੰਭਾਵੀ ਕੰਪਨੀਆਂ ਚਲਾਉਣ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ।

ਵਿਦਿਆਰਥੀਆਂ ਲਈ ਵੀ ਡਿਗਰੀਆਂ ਹਾਸਲ ਕਰਨ ਦੀ ਬਜਾਏ ਖੁਦ ਦਾ ਹੁਨਰ ਵਿਕਾਸ ਕਰਨਾ ਮੁੱਖ ਪਹਿਲ ਹੋਵੇ। ਮੈਨੂਫੈਕਚਰਿੰਗ, ਸਿਹਤ ਸੇਵਾ ਸੈਰ ਸਪਾਟਾ, ਡਿਜੀਟਲਾਈਜੇਸ਼ਨ, ਇਸ਼ਤਿਹਾਰ ਖੇਤਰ, ਰਿਟੇਲ ਮਾਰਕੀਟਿੰਗ, ਐਕਟਿੰਗਕਲਾ ਖੇਤਰ, ਫੈਸ਼ਨ ਡਿਜ਼ਾਈਨਿੰਗ ਅਤੇ ਵਿੱਤੀ ਸੇਵਾਵਾਂ ਵਰਗੇ ਖੇਤਰਾਂ ਵਿੱਚ ਹੁਨਰ ਵਿਕਾਸ ਪ੍ਰਾਪਤ ਕਰਨ ਵਾਲਿਆਂ ਲਈ ਕਾਫੀ ਸੰਭਾਵਨਾਵਾਂ ਹਨ। ਇਨ੍ਹਾਂ ਖੇਤਰਾਂ ਵਿੱਚ ਬਹੁਤ ਮੌਕੇ ਹਨ ਅਤੇ ਤੇਜ਼ੀ ਨਾਲ ਵਧ ਵੀ ਰਹੇ ਹਨ।

ਅੱਜ ਲੋੜ ਇਸ ਗੱਲ ਦੀ ਹੈ ਕਿ ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਹੁਨਰਮੰਦ ਬਣ ਕੇ ਵੱਖ ਵੱਖ ਗੈਰ ਰਵਾਇਤੀ ਖੇਤਰਾਂ ਵਿੱਚ ਵੀ ਰੋਜ਼ਗਾਰ ਦੀਆਂ ਸੰਭਾਵਨਾਵਾਂ ਲੱਭਣ। ਇਹ ਜ਼ਰੂਰੀ ਹੈ ਕਿ ਨੌਜਵਾਨ ਹੁਨਰ ਵਿਕਾਸ ਨੂੰ ਗੰਭੀਰਤਾ ਨਾਲ ਲੈਣ, ਤਾਂ ਕਿ ਦੇਸ਼ ਕੋਲ ਜੋ ਨੌਜਵਾਨ ਆਬਾਦੀ ਹੈ, ਉਸ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇ। ਸਮਾਂ ਆ ਗਿਆ ਹੈ ਕਿ ਨੌਜਵਾਨ ਮੌਕਿਆਂ 'ਤੇ ਧਿਆਨ ਕੇਂਦਰਿਤ ਕਰ ਕੇ ਯੋਗਤਾ ਦੇ ਨਾਲ ਕੁਸ਼ਲਤਾ ਹਾਸਲ ਕਰਦਿਆਂ ਆਪਣੇ ਕੈਰੀਅਰ ਦੇ ਭਵਿੱਖ ਮੁਖੀ ਰਾਹ 'ਤੇ ਕਦਮ ਵਧਾਉਣ ਅਤੇ ਦੇਸ਼ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣ।

# ਅਧਰੈਣੀ ਤੇ ਬਿਰਖ ਨਾਲ ਸੰਵਾਦ

-ਮਨਮੋਹਨ ਸਿੰਘ ਦਾਊਂ

ਅੱਧੀ ਰਾਤ ਹੋਣ ਵਾਲੀ ਹੈ। ਮੈਂ ਕਵਿਤਾ ਦੀ ਕਿਤਾਬ ਪੜ੍ਹਦਾ-ਪੜ੍ਹਦਾ ਕਮਰੇ ਦੀ ਖਿੜਕੀ ਤੋਂ ਬਾਹਰ ਤੱਕਣ ਲੱਗਾ ਹਾਂ। ਸ਼ਹਿਰ ਸੁੱਤਾ ਜਾਪਦਾ ਹੈ। ਖੰਭਿਆਂ ਦੀਆਂ ਰੋਸ਼ਨੀਆਂ ਟਿਮਕ ਰਹੀਆਂ ਹਨ। ਕੋਈ ਕੋਈ ਕੁੱਤਾ ਭੌਂਕ ਰਿਹਾ ਹੈ। ਮੈਂ ਸੋਚਦਾ ਹਾਂ ਕਿ ਕੁੱਤੇ ਕਿਸ ਨੂੰ ਭੌਂਕਦੇ ਹਨ। ਕਿਸੇ ਕਿਸੇ ਮੋਟਰ ਸਾਈਕਲ ਜਾਂ ਕਾਰ ਦੀ ਆਵਾਜ਼ ਕੰਨੀ ਪੈਂਦੀ ਹੈ। ਰੁਜ਼ਗਾਰ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਰਿਹਾ। ਮਨੁੱਖ ਤੁਰਨਾ ਤਾਂ ਸੁੱਖ ਲਈ ਸਿਖਿਆ ਸੀ, ਕਈ ਸਦੀਆਂ ਹੰਘਾਲ ਕੇ। ਅਜਿਹਾ ਤੁਰਨ ਲੱਗਾ ਕਿ ਧਰਤੀ ਸੀਮਾ ਨਾ ਰਹੀ। ਸਮੁੰਦਰ ਤੇ ਅੰਬਰ ਗੱਫਦਾ ਜਾ ਰਿਹਾ ਹੈ। ਚੰਨ ਤੇ ਹੋਰ ਗ੍ਰਹਿ ਢੂੰਡਣ ਲਈ ਖੋਜੀ ਬਣਿਆ ਦਿਨ ਰਾਤ ਭੁੱਲ ਬੈਠਾ ਹੈ। ਮਨੁੱਖ ਤੁਰਨਾ ਕੀ ਸਿਖਿਆ, ਰਸਤਾ ਹੀ ਬਣ ਗਿਆ ਹੈ।

ਖੈਰ! ਮੇਰੀ ਨਜ਼ਰ ਵੱਡ ਆਕਾਰੀ ਬਿਰਛ 'ਤੇ ਪੈਂਦੀ ਹੈ। ਬਿਰਖ ਅਡੋਲ ਹੈ। ਕਿੰਨੇ ਵਰ੍ਹੇ ਇਸ ਦੀ ਅਉਧ ਹੋਵੇਗੀ। ਬਿਰਖ ਵੀ ਮਨੁੱਖ ਵਾਂਗ ਜਨਮਦੇ ਤੇ ਬਿਨਸਦੇ ਰਹਿੰਦੇ ਹਨ। ਬਿਰਖ ਖਾਮੋਸ਼ ਹੈ। ਜੜ੍ਹਾਂ ਪਤਾ ਨਹੀਂ ਕਿੰਨੀਆਂ ਡੂੰਘੀਆਂ ਅਤੇ ਕਿੱਧਰ-ਕਿੱਧਰ ਨੂੰ ਪੱਸਰੀਆਂ ਹੋਣਗੀਆਂ। ਅਸੀਂ ਬਿਰਖ ਨੂੰ ਧਰਤੀ 'ਤੇ ਦੇਖਣ ਦੇ ਆਦੀ ਹਾਂ, ਧਰਤੀ ਦੇ ਥੱਲੇ ਬਿਖਰਿਆ ਉਸ ਦਾ ਰੂਪ ਚਿਤਵਦੇ ਵੀ ਨਹੀਂ। ਵਿਗਿਆਨੀਆਂ ਨੇ ਬਿਰਖਾਂ ਦੀਆਂ ਜੜ੍ਹਾਂ ਬਾਰੇ ਬੜਾ ਗਿਆਨ ਪ੍ਰਾਪਤ ਕੀਤਾ ਹੈ। ਆਮ ਮਨੁੱਖ ਬਿਰਖ ਦੀ ਧਰਤੀ ਵਿੱਚ ਸਮੋਈ ਕਾਇਆ ਬਾਰੇ ਸੋਚਦਾ ਨਹੀਂ, ਉਸ ਕੋਲ ਵਿਹਲ ਹੀ ਨਹੀਂ ਹੁੰਦਾ। ਆਪਣਾ ਆਪ ਚੁੱਕ ਕੇ ਵਿਆਕੁਲ ਹੈ। ਹੋਰ ਦੀ ਖਬਰ ਲਵੇ ਵੀ ਕਿਉਂ? ਮੈਂ ਬਿਰਖ ਨੂੰ ਨੀਝ ਨਾਲ ਤੱਕਣ ਲੱਗਦਾ ਹਾਂ। ਰੋਸ਼ਨੀਆਂ ਸਦਕਾ ਬਿਰਖ ਮੈਨੂੰ ਜਾਗਦਾ ਲੱਗਦਾ ਹੈ। ਦਿਨੇ ਬਿਰਖ ਥੱਲੇ ਹਰ ਕੋਈ ਬੈਠ ਸਕਦਾ ਹੈ। ਅੱਧੀ ਰਾਤ ਦਾ ਸਮਾਂ ਅਜਿਹਾ ਕਰਨ ਦੀ ਆਗਿਆ ਲਈ ਮਜਬੂਰ ਹੈ। ਡਾਕਟਰ ਹਰਿਭਜਨ ਸਿੰਘ ਦੀ ਕਾਵਿ-ਪੁਸਤਕ ‘ਰੁੱਖ ਤੇ ਰਿਸ਼ੀ' ਨੂੰ ਪੜ੍ਹਦਾ-ਪੜ੍ਹਦਾ ਹੋਰ ਭਾਵੁਕ ਹੋ ਜਾਂਦਾ ਹਾਂ ਅਤੇ ਬਾਹਰ ਖੜ੍ਹਿਆ ਬਿਰਖ ਮੈਨੂੰ ਰਿਸ਼ੀ ਜਾਪਣ ਲੱਗ ਪੈਂਦਾ ਹੈ।

ਮੇਰੇ ਚੇਤਿਆਂ ਵਿੱਚ ਦਸ਼ਰਥ ਤੋਂ ਮਹਾਤਮਾ ਬੁੱਧ ਦੀ ਤਪੱਸਿਆ ਦੇ ਪ੍ਰਸੰਗ ਵਾਲਾ ਬੋਧੀ ਬਿਰਖ ਘੁੰਮਣ ਲੱਗਦਾ ਹੈ। ਰੁੱਖ ਅਤੇ ਮਨੁੱਖ ਦੀ ਦੋਸਤੀ ਪੀਡੀ ਹੁੰਦੀ ਹੈ। ਵਿਸ਼ਵਾਸ ਬੱਝਦਾ ਹੈ ਕਿ ਰੁੱਖ ਹੈ ਤਾਂ ਮਨੁੱਖ ਹੈ। ਅਜੋਕੇ ਸਮਿਆਂ 'ਚ ਮਨੁੱਖ ਕੋਲ ਬਿਰਖਾਂ ਥੱਲੇ ਬੈਠਣ ਅਤੇ ਗੱਲਾਂ ਕਰਨ ਦੀ ਸਿਆਣਪ ਭਰੀ ਪਰੰਪਰਾ ਗੁਆਚਦੀ ਜਾਂਦੀ ਹੈ। ਵੱਧ ਤੋਂ ਵੱਧ ਰੁੱਖ ਲਾਉਣ ਦੀ ਮੁਹਿੰਮ ਨੂੰ ਸਾਰਥਿਕਤਾ ਦੇਣ ਲਈ ਹੋਰ ਹੰਭਲੇ ਮਾਰਦੇ ਰਹਿਣਾ ਚਾਹੀਦਾ ਹੈ। ਇਹ ਤਦ ਹੋ ਸਕੇਗਾ, ਜੇ ਧਰਤੀ ਦੀ ਮਿੱਟੀ ਨਜ਼ਰੀਂ ਪੈਂਦੀ ਰਹੇਗੀ। ਧਰਤੀ 'ਤੇ ਸੜਕਾਂ, ਇਮਾਰਤਾਂ, ਇੱਟਾਂ ਤੇ ਪੱਥਰਾਂ ਦੀਆਂ ਪੁਸ਼ਾਕਾਂ ਵਿਛਾਉਣ ਨਾਲ ਉਪਜਾਊ ਮਿੱਟੀ ਰਹੇਗੀ ਕਿੱਥੇ। ਹਰਿਆਵਲ ਨਾਲ ਜ਼ਿੰਦਗੀ ਦੀ ਗਤੀ ਕਾਇਮ ਰਹਿ ਸਕੇਗੀ। ਹਰਿਆਵਲ ਜੀਵਨ ਦੀ ਖੁਸ਼ਹਾਲੀ ਹੈ, ਖੇੜਾ ਹੈ, ਸਕੂਨ ਹੈ ਤੇ ਸ਼ਾਂਤੀ ਹੈ। ਜੰਗ ਨਾਲ ਕਿੰਨਾ ਕੁਝ ਮਲੀਆਮੇਟ ਹੋ ਜਾਂਦਾ ਹੈ। ਧਰਤੀ ਨੂੰ ਸਾਹ ਆਉਣ ਲਈ ਸਦੀਆਂ ਲੱਗ ਜਾਂਦੀਆਂ ਹਨ। ਜ਼ਰਾ ਜਾਪਾਨ ਵਾਸੀਆਂ ਨੂੰ ਪੁੱਛੋ ਕਿ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਸੁੱਟੇ ਐਟਮ ਬੰਬਾਂ ਕਾਰਨ ਕੀ ਕੀ ਬੀਤੀ? ਸਦੀਆਂ ਦਾ ਸਭਿਆਚਾਰ ਤਬਾਹ ਹੋ ਗਿਆ ਤੇ ਪੁਨਰ ਸੁਰਜੀਤੀ ਲਈ ਕਿੰਨਾ ਕੁਝ ਕਰਨਾ ਪਿਆ। ਅਮਨ ਸ਼ਾਂਤੀ ਦਾ ਸੁਨੇਹਾ ਦਿੰਦੀ ਯਾਦਗਾਰ ਪਵਿੱਤਰ ਥਾਂ ਤੋਂ ਵੱਧ ਮਹਤੱਤਾ ਰੱਖਦੀ ਹੈ।

ਖਿੜੇ ਫੁੱਲ ਸਜੀਵ ਬੱਚੇ ਲੱਗਦੇ ਹਨ। ਸਿਆਣਿਆਂ ਦਾ ਕਥਨ ਯਾਦ ਆਉਂਦਾ ਹੈ ਕਿ ਰਾਤ ਨੂੰ ਬਿਰਖ ਬੂਟਿਆਂ ਨੂੰ ਛੇੜੀਦਾ ਨਹੀਂ। ਉਹ ਸੌਂ ਰਹੇ ਹੁੰਦੇ ਹਨ। ਇਹ ਲੋਕ ਬੋਲੀ ਵੀ ਯਾਦ ਆਉਂਦੀ ਹੈ-‘ਰੁੱਖ ਬੋਲ ਨਾ ਸਕਦੇ, ਭਾਵੇਂ ਬੰਦਿਆਂ ਦੇ ਦੁੱਖ ਜਾਣਦੇ।' ਰੁੱਖ ਬੰਦਿਆਂ ਦੇ ਦੁੱਖ ਜਾਣਦੇ ਹਨ ਜਾਂ ਨਹੀਂ, ਇਹ ਗੱਲ ਵੱਖਰੀ ਹੈ, ਪਰ ਰੁੱਖਾਂ ਦਾ ਰਾਖਾ ਇੱਕ ਡਾਕਟਰ ਯਾਮਾਨੋ (1900 ਈਸਵੀ) ਜਾਪਾਨ ਦੇਸ਼ ਦੇ ਓਸਾਕਾ ਵਿੱਚ ਜਨਮਿਆ ਚੇਤੇ ਆਉਂਦਾ ਹੈ। ਉਹ ਆਪਣੇ ਹੱਥ ਨਾਲ ਛੋਹ ਕੇ ਰੋਗੀ ਰੁੱਖਾਂ ਦਾ ਇਲਾਜ ਕਰ ਦਿੰਦਾ ਸੀ। ਉਸ ਦੀ ਅਦੁੱਤੀ ਖੋਜ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਲੋਕਾਂ ਨੂੰ ਉਸ ਦੀ ਇਹ ਅਚੰਭੇ ਭਰੀ ਖੋਜ ਕਿਸੇ ਤੋਂ ਘੱਟ ਨਹੀਂ ਸੀ ਲੱਗਦੀ। ਇਹ ਵੀ ਦੱਸਿਆ ਜਾਂਦਾ ਹੈ ਕਿ ਜਦੋਂ ਹੀਰੋਸ਼ੀਮਾ ਦੀ ਐਟਮੀ ਤਬਾਹੀ ਹੋਈ ਸੀ ਤਾਂ ਬੰਬ ਦੇ ਝੁਲਸਵੇਂ ਧਮਾਕੇ ਨਾਲ ਇੱਕ ਰੁੱਖ ਦਾ ਅੱਧਾ ਤਣਾ ਸਣ ਕੇ ਕਾਲਾ ਹੋ ਗਿਆ ਸੀ। ਉਦੋਂ ਉਹ ਰੁੱਖ ਮੁਰਝਾਉਣ ਲੱਗ ਪਿਆ। ਫਿਰ ਅਗਸਤ 1984 ਵਿੱਚ ਭਾਰੀ ਝੱਖੜ-ਤੂਫਾਨ ਆਉਣ ਨਾਲ ਇਹ ਰੁੱਖ ਜੜ੍ਹ ਤੋਂ ਉਖੜ ਗਿਆ। ਇਸ ਨੂੰ ਹੀਰੋਸ਼ਿਮਾ ਦੀ ਤਬਾਹੀ ਦੇ ਗਵਾਹ ਵਜੋਂ ਜਾਪਾਨੀ ਬਚਾਉਣਾ ਚਾਹੁੰਦੇ ਸਨ। ਇਸ ਰੁੱਖ ਦਾ ਇਲਾਜ ਕਰ ਕੇ, ਪ੍ਰਾਰਥਨਾ ਤੇ ਰੂਹਾਨੀ ਵਤੀਰੇ ਰਾਹੀਂ ਡਾਕਟਰ ਤਾਦਾਹੀਕੋ ਯਾਮਾਨੋ (ਪੂਰਾ ਨਾਂਅ) ਨੇ ਬਚਾ ਕੇ ਅਲੌਕਿਕ ਕ੍ਰਿਸ਼ਮਾ ਕੀਤਾ ਸੀ। ਕਿੰਨੀ ਮੁਹੱਬਤ ਹੈ ਜਾਪਾਨੀਆਂ ਨੂੰ ਆਪਣੀ ਵਿਰਾਸਤ ਨਾਲ। ਮੈਂ ਬਿਰਖ ਨੂੰ ਹੋਰ ਅੰਤਰ ਧਿਆਨ ਹੋ ਕੇ ਵੇਖਣ ਲੱਗਦਾ ਹਾਂ। ਪੱਤਿਆਂ 'ਤੇ ਪੈਂਦੀ ਚਾਨਣੀ ਚਾਂਦੀ ਵਾਂਗ ਜਾਪਣ ਲੱਗਦੀ ਹੈ। ਟਾਹਣੀਆਂ ਤੇ ਟਾਹਣ ਗਲਵੱਕੜੀਆਂ ਪਾਉਂਦੇ ਜਾਪਦੇ ਹਨ। ਹਵਾ ਬੰਦ ਹੈ। ਪੱਤੇ ਖਾਮੋਸ਼ ਹਨ, ਆਪਸੀ ਸਾਂਝ 'ਚ ਗੜੂੰਦ ਹਨ। ਬੰਦਿਆਂ ਵਾਂਗ ਲੜਦੇ ਨਹੀਂ, ਬਹਿਸ ਨਹੀਂ ਕਰਦੇ। ਇੱਕ ਦੂਜੇ ਨੂੰ ਬੁਰਾ ਭਲਾ ਨਹੀਂ ਕਹਿੰਦੇ। ਆਪੋ ਆਪਣੀ ਥਾਂ ਕਾਇਮ ਰਹਿੰਦੇ ਹਨ। ਕੁਦਰਤ ਦੇ ਅਨੁਸ਼ਾਸਨ ਦੀ ਪਾਲਣਾ ਕਰਦੇ ਹਨ। ਹਵਾ ਚੱਲੇ ਤਾਂ ਠੁਮਕਣ ਲੱਗਦੇ ਹਨ। ਜ਼ੋਰ ਦੀ ਹਵਾ ਚੱਲੇ ਤਾਂ ਗੁੱਸੇ ਨਹੀਂ ਹੁੰਦੇ। ਜਿਨ੍ਹਾਂ ਨੇ ਝੜਨਾ ਹੁੰਦਾ, ਉਹ ਚੁੱਪ-ਚਾਪ ਝੜ ਜਾਂਦੇ ਹਨ। ਟਾਹਣੀਆਂ ਤੋਂ ਵਿਦਾ ਹੋ ਜਾਂਦੇ ਹਨ। ਰੋਸਾ ਨਹੀਂ ਕਰਦੇ। ਆਪਣਾ ਪੱਕਾ ਹੱਕ ਨਹੀਂ ਜਤਾਉਂਦੇ। ਥੱਲੇ ਝੜ ਕੇ ਮਿੱਟੀ ਵਿੱਚ ਗਲ ਕੇ ਖਾਦ ਦਾ ਕੰਮ ਕਰਦੇ ਹਨ। ਮਿੱਟੀ ਦੀ ਉਪਜ ਸ਼ਕਤੀ ਵਿੱਚ ਹਿੱਸਾ ਪਾਉਂਦੇ ਹਨ। ਬਿਰਖ ਦੇ ਵਿਗਸਣ ਵਿੱਚ ਪੱਤੇ ਪੂਰਾ ਸਾਥ ਨਿਭਾਉਂਦੇ ਹਨ। ਬੰਦਿਆਂ ਵਾਂਗ ਆਪਣਾ ਕੀਤਾ ਨਹੀਂ ਪ੍ਰਗਟਾਉਂਦੇ।

ਮੈਂ ਬਿਰਖ ਤੋਂ ਸੰਥਿਆ ਲੈਣ ਲੱਗਦਾ ਹਾਂ। ਰਿਸ਼ੀ ਜਾਂ ਸਾਦਰ ਮਨੁੱਖ ਇਸ਼ਾਰਿਆਂ ਨਾਲ ਬਹੁਤ ਕੁਝ ਸਮਝਾ ਸਕਦਾ ਹੈ। ਮੈਨੂੰ ਅਧਰੈਣੀ ਵੇਲੇ ਬਿਰਖ ਦੀ ਹੋਂਦ ਹੋਰ ਵੀ ਪ੍ਰੇਰਨਾ ਦਾਇਕ ਲੱਗਣ ਲੱਗ ਜਾਂਦੀ ਹੈ। ਰੁੱਖ ਤੋਂ ਬੇਮੁਖ ਹੋਇਆ ਮਨੁੱਖ ਦੁੱਖ ਭੋਗਦਾ ਹੈ। ਇਨ੍ਹਾਂ ਦੀ ਸੁੱਖ ਲੋੜਨ ਵਾਲਾ ਸੁਖੀ ਰਹਿੰਦਾ ਹੈ। ਮਕਾਨਾਂ ਦੀ ਉਸਾਰੀ, ਪ੍ਰਗਤੀ ਦੇ ਕਾਰਜਾਂ ਤੇ ਹਾਈਵੇ-ਸੜਕਾਂ ਨੇ ਸਾਡੇ ਰੁੱਖਾਂ ਤੋਂ ਮੋਹ ਤੋੜ ਲਿਆ ਹੈ। ਮੈਂ ਹੋਰ ਵੀ ਗੰਭੀਰ ਹੋ ਕੇ ਬਿਰਖ ਦੀ ਆਤਮਾ ਨਾਲ ਗੱਲਾਂ ਕਰਨ ਲਈ ਔਹਲਦਾ ਹਾਂ ਤੇ ‘ਮਤੱਸਿਆ ਪੁਰਾਣ' ਵਿੱਚ ਲਿਖਿਆ ਮੁੜ ਚੇਤੇ ਆਉਣ ਲੱਗਦਾ ਹੈ।

ਮਨੁੱਖ ਨੂੰ ਇੱਕ ਖੂਹ ਖੁਦਵਾਉਣ ਲਈ ਉਸ ਦੇ ਇਸ ਸ਼ੁਭ ਕੰਮ ਬਦਲੇ ਸਵਰਗ ਵਿੱਚ ਓਨੇ ਸਾਲ ਨਿਵਾਸ ਕਰਨ ਦ ਫਲ ਮਿਲਦਾ ਹੈ ਜਿੰਨੀਆਂ ਉਸ ਖੂਹ ਦੇ ਪਾਣੀ ਦੀਆਂ ਬੂੰਦਾਂ ਹਨ। ਇੱਕ ਸਰੋਵਰ ਬਣਾਉਣਾ ਖੂਹ ਤੋਂ ਦਸ ਗੁਣਾ ਕਾਰਜ ਮੰਨਿਆ ਜਾਂਦਾ ਹੈ। ਝੀਲ ਬਣਾਉਣੀ ਇੱਕ ਸਰੋਵਰ ਤੋਂ ਦਸ ਗੁਣਾ ਵਧੇਰੇ ਸ਼ੁਭ ਮੰਨੀ ਗਈ ਹੈ। ਨੇਕ ਪੁੱਤਰ ਪੈਦਾ ਕਰਨਾ, ਇੱਕ ਝੀਲ ਤੋਂ ਵੀ ਦਸ ਗੁਣਾ ਵਧੇਰੇ ਉਪਯੋਗੀ ਹੁੰਦਾ ਹੈ, ਪਰ ਕੇਵਲ ਇੱਕ ਰੁੱਖ ਲਗਾਉਣਾ ਦਸ ਨੇਕ ਪੁੱਤਰਾਂ ਦੇ ਬਰਾਬਰ ਪੁੰਨ ਖੱਟਣ ਵਾਲਾ ਹੁੰਦਾ ਹੈ। ਮੈਂ ਬਿਰਖ ਨੂੰ ਦੂਰੋਂ ਅਕੀਦਤ ਪੇਸ਼ ਕਰਦਾ ਹੋਇਆ ਮੁੜ ਕਾਵਿ ਪੁਸਤਕ 'ਚ ਲੀਨ ਹੋ ਜਾਂਦਾ ਹਾਂ। ਬਿਰਖ ਦਾ ਅਧਰੈਣੀ ਨਾਲ ਸੰਵਾਦ ਜਾਰੀ ਰਹਿੰਦਾ ਹੈ।

# ਪੜ੍ਹਾਈ ਦੇ ਨਾਲ-ਨਾਲ..

-ਦਰਸ਼ਨ ਜੋਗਾ

ਸਾਡੇ ਨੌਵੀਂ ਜਮਾਤ ਦੇ ਸਾਲਾਨਾ ਇਮਤਿਹਾਨ ਹੋ ਚੁੱਕੇ ਸਨ। ਅਧਿਆਪਕਾਂ ਵੱਲੋਂ ਸਾਰੀ ਜਮਾਤ ਨੂੰ ਹਦਾਇਤ ਸੀ ਕਿ ਨਤੀਜਾ ਆਉਣ ਤੱਕ ਤੁਸੀਂ ਰੋਜ਼ ਸਕੂਲ ਆਉਣਾ ਹੈ। ਸਕੂਲ ਪਹੁੰਚ ਕੇ ਚੌਰਸ ਤੇ ਤਿਰਛੀਆਂ ਢਲਾਣਾਂ ਵਾਲੀ ਸੁੱਕੀ ਢਾਬ ਵਿੱਚ ਅਸੀਂ ਆ ਬੈਠਦੇ। ਅਸਲ ਵਿੱਚ ਮੁਰੱਬਾਬੰਦੀ ਹੋਣ ਪਿੱਛੋਂ ਨਵੇਂ ਸਿਵੇ ਫਿਰਨੀ ਤੋਂ ਬਾਹਰ ਕੱਟ ਚੁੱਕੇ ਸਨ। ਪੁਰਾਣੇ ਸਿਵਿਆਂ ਤੇ ਕਬਰਾਂ ਦੀ ਜਗ੍ਹਾ ਨੂੰ ਪਿੰਡ ਦੇ ਲੋਕਾਂ ਨੇ ਪੱਧਰ ਕਰਕੇ ਗਰਾਊਂਡਾਂ ਵਿੱਚ ਬਦਲ ਦਿੱਤਾ ਸੀ। ਨਾਲੇ ਭਰਤ ਪਾ ਕੇ ਚੌਰਸ ਤਿਰਛੀਆਂ ਢਲਾਣਾਂ ਵਾਲੇ ਦੋ ਡੱਬਿਆਂ ਦੀ ਸ਼ਕਲ ਦੇ ਕੇ ਵੱਡੀ ਢਾਬ ਨੂੰ ਸਕੂਲ ਵਿੱਚ ਮਿਲਾ ਦਿੱਤਾ। ਇਹੋ ਖੁੱਲ੍ਹੀਆਂ ਚੌਰਸ ਡੱਬਿਆਂ ਵਰਗੀਆਂ ਢਾਬਾਂ ਸਿਆਲ ਵਿੱਚ ਸਾਡੇ ਕਲਾਸ ਰੂਮ ਤੇ ਖੇਡ ਮੈਦਾਨ ਹੁੰਦੇ ਸਨ।

ਸਾਰੇ ਅਧਿਆਪਕ ਸਾਨੂੰ ਬੜੇ ਪਿਆਰ ਨਾਲ ਪੜ੍ਹਾਉਂਦੇ ਸਨ। ਗਿਆਨੀ ਬਚਨ ਸਿੰਘ ਪੰਜਾਬੀ ਪੜ੍ਹਾਉਂਦੇ ਵਕਤ ਸਿਲੇਬਸ ਤੋਂ ਬਾਹਰ ਦੀ ਜ਼ਿੰਦਗੀ ਬਾਰੇ ਬਹੁਤ ਕੁਝ ਸਮਝਾ ਜਾਂਦੇ। ਮਾਰਕੁੱਟ ਦੀ ਸਜ਼ਾ ਦੇਣੀ ਤਾਂ ਦੂਰ ਦੀ ਗੱਲ, ਕਿਸੇ ਵਿਦਿਆਰਥੀ ਨੂੰ ਉਂਗਲ ਵੀ ਨਹੀਂ ਛੁਹਾਈ ਸੀ। ਆਪਣੇ ਹੀ ਅੰਦਾਜ਼ ਵਿੱਚ ਗੱਲ ਕਹਿ ਕੇ ਸ਼ਰਾਰਤੀ ਦਿਮਾਗ ਨੂੰ ਬੰਦਾ ਬਣਾ ਦਿੰਦੇ। ਸਾਨੂੰ ਬੈਠਿਆਂ ਨੂੰ ਬੁਲਾ ਕੇ ਕਹਿੰਦੇ, ‘ਲਓ ਬਈ ਮੁੰਡਿਓ! ਹੈਡਮਾਸਟਰ ਸਾਹਿਬ ਨਾਲ ਮੀਟਿੰਗ ਹੋਈ ਐ, ਆਹ ਢਾਬ ਦੀਆਂ ਢਲਾਣਾਂ ਮਿੱਟੀ ਪਾ ਕੇ ਵਧੀਆ ਬਣਾਉਣੀਆਂ ਹਨ। ਜਿਹੜਾ ਮੁੰਡਾ ਇਥੇ ਵਧੀਆ ਕੰਮ ਕਰੂ, ਉਸ ਨੂੰ ਹਰ ਹਾਲਤ ਪਾਸ ਕਰਕੇ ਦਸਵੀਂ ਵਿੱਚ ਕਰ ਦਿੱਤਾ ਜਾਊ।'

ਫਿਰ ਕੀ ਸੀ, ਸਾਡੇ ਜੀਹਦੇ ਹੱਥ ਵਿੱਚ ਕਹੀ ਆਈ ਕਹੀ, ਜਿਹਦੇ ਹੱਥ ਵਿੱਚ ਬੱਠਲ ਆਇਆ ਬੱਠਲ, ਬੱਸ ਚੱਲ ਸੋ ਚੱਲ। ਚਾਰੇ ਦਿਨ ਸੰਦੇਹਾਂ ਈ ਆ ਚਿੰਬੜਨਾ, ਕੋਈ ਲੇਟ ਨਹੀਂ, ਕੋਈ ਢਿੱਲ ਨਹੀਂ। ਇਕ ਦੋ ਗੱਬਰ ਸਿੰਹਾਂ ਨੂੰ ਗਿਆਨੀ ਜੀ ਨੇ ਫਿਰ ਚਿਤਾਵਨੀ ਦਿੱਤੀ। ਅੰਗਰੇਜ਼ੀ, ਹਿਸਾਬ ਤੇ ਸਾਇੰਸ ਵਾਲੇ ਅਧਿਆਪਕ ਵੀ ਮੁਸਕਰਾਉਂਦੇ ਗੱਲਾਂ



ਕਰਦੇ ਸਾਡੇ ਕੋਲ ਆ ਕੇ ਕਹਿ ਜਾਂਦੇ, ‘ਦੱਬੀ ਚੱਲੋ, ਗਿਆਨੀ ਜੀ ਆਲੀ ਗੱਲ ਸਹੀ ਐ।'

ਗਿਆਨੀ ਜੀ ਦੇ ਸਿੱਖੀ ਸੇਵਕੀ ਵਾਲੇ ਹਰ ਪਾਸੇ ਸਨ। ਉਨ੍ਹਾਂ ਦੇ ਹੁਕਮ ਨਾਲ ਸਾਹਮਣਿਉਂ ਨੌਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੇ ਲੰਗਰ 'ਚੋਂ ਚਾਰੇ ਦਿਨ ਚਾਹ ਆਉਂਦੀ ਰਹੀ। ਚਾਰ ਦਿਨਾਂ ਵਿੱਚ ਸਾਰੀ ਢਾਬ ਦੀਆਂ ਢਲਾਣਾਂ ਦੇ ਕਿਨਾਰੇ ਕੱਢ ਕੇ ਕੱਚੀ ਢਾਬ ਦੀ ਰੂਹ ਸੰਵਾਰ ਦਿੱਤੀ ਗਈ। ਨਤੀਜਾ ਆਉਣ ਮਗਰੋਂ ਅਸੀਂ ਸਾਰੇ ਪਾਸ ਹੋ ਕੇ ਦਸਵੀਂ ਜਮਾਤ ਵਾਲੇ ਕਮਰੇ ਵਿੱਚ ਆ ਬੈਠੇ। ਗਿਆਨੀ ਜੀ ਆਏ ਤੇ ਬੋਲੇ, ‘ਕਿਉਂ ਹੁਣ ਖੁਸ਼ ਓ?'

‘ਹਾਂ ਜੀ।' ਦੀ ਇਕੱਠੀ ਆਵਾਜ਼ ਨਾਲ ਅਸੀਂ ਆਪਣੀ ਅੰਦਰਲੀ ਖੁਸ਼ੀ ਜ਼ਾਹਿਰ ਕੀਤੀ। ਇਸ 'ਤੇ ਖੇੜੇ ਵਾਲੇ ਮੁੱਖ ਵਿੱਚੋਂ ਉਹ ਕਹਿੰਦੇ, ‘ਓ ਥੋਡਾ ਨਤੀਜਾ ਤਾਂ ਪਹਿਲਾਂ ਈ ਬਣਿਆ ਪਿਆ ਸੀ। ਏਸ ਢਾਬ ਨੂੰ ਤਾਂ ਆਪਾਂ ਨੇ ਹੋਰ ਵਧੀਆ ਬਣਾਉਣਾ ਸੀ।’ ਅਸੀਂ ਸਾਰੇ ਹੈਰਾਨ ਹੋ ਕੇ ਹੱਸਣ ਲੱਗੇ, ਨਾਲ ਹੀ ਗਿਆਨੀ ਜੀ ਵੀ।

ਅੱਜ ਵੀ ਜਦੋਂ ਕਦੇ ਪਿੰਡ ਦੇ ਸਕੂਲ ਕੋਲੋਂ ਲੰਘਦਿਆਂ ਕੰਧ ਉਤੋਂ ਦੀ ਇਨ੍ਹਾਂ ਤਲਾਅ ਵਰਗੀਆਂ ਢਾਬਾਂ ਦੀਆਂ ਢਲਾਣਾਂ 'ਤੇ ਨਿਗਾਹ ਜਾਂਦੀ ਐ ਤਾਂ ਆਪਣੇ ਅਧਿਆਪਕਾਂ ਦੀ ਸੋਚ ਅੱਗੇ ਸਿਰ ਝੁਕ ਜਾਂਦਾ ਹੈ ਜਿਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਤਕੜੇ ਹੋ ਕੇ ਕਿਸੇ ਕੰਮ ਦੀ ਪੂਰਤੀ ਲਈ ਹੱਥੀਂ ਕੰਮ ਕਰਨ ਦੀ ਰੁਚੀ ਪੈਦਾ ਕੀਤੀ। ਨਾਲੋ-ਨਾਲ ਚੋਭ ਵੀ ਵਜਦੀ ਕਿ ਅੱਜ ਪੜ੍ਹਾਈ, ਸਕੂਲ, ਅਧਿਆਪਕ ਜਾਂ ਮਾਪਿਆਂ ਵਿੱਚ ਅਜਿਹੀ ਕਿਹੜੀ ਚੀਜ਼ ਦੀ ਘਾਟ ਆ ਵੜੀ ਕਿ ਬੱਚੇ ਕੰਮ ਸੱਭਿਆਚਾਰ ਤੋਂ ਦੂਰ ਜਾ ਰਹੇ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS


Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

# ਦੇਸ਼ ਦੇ ਕੁਚੱਜ ਦਾ ਨਮੂਨਾ ਬਣ ਗਈ ਹੈ 'ਮਿੰਨੀ ਹਿੰਦੁਸਤਾਨ' ਕਹੀ ਜਾਂਦੀ ਦਿੱਲੀ



ਜਤਿੰਦਰ ਪੰਨੂ

ਭਾਰਤ ਦੀ ਰਾਜਧਾਨੀ ਦਿੱਲੀ ਇਸ ਵਕਤ ਚੋਣ-ਜੰਗ ਦਾ ਅਖਾੜਾ ਬਣੀ ਪਈ ਹੈ। ਬਹੁਤ ਸਾਰੇ ਲੋਕ ਰਾਜਧਾਨੀ ਦੇ ਇਸ ਸ਼ਹਿਰ ਨੂੰ 'ਮਿੰਨੀ ਹਿੰਦੁਸਤਾਨ' ਕਹਿੰਦੇ ਹਨ ਅਤੇ ਉਹ ਠੀਕ ਕਹਿੰਦੇ ਹਨ। ਇਸ ਸ਼ਹਿਰ ਵਿੱਚ ਭਾਰਤ ਦੇ ਹਰ ਰਾਜ ਦੇ ਲੋਕ ਵੀ ਹਨ, ਹਰ ਰੰਗ ਵਾਲੇ ਅਤੇ ਹਰ ਭਾਸ਼ਾ ਬੋਲਣ ਵਾਲੇ ਵੀ। ਇਸ ਕਰ ਕੇ ਇਹ ਗੱਲ ਵੀ ਕਹੀ ਜਾਂਦੀ ਹੈ ਕਿ ਇਸ ਦੇ ਲੋਕਾਂ ਦਾ ਫਤਵਾ ਦੇਸ਼ ਦੇ ਲੋਕਾਂ ਦੀ ਸੋਚ ਨੂੰ ਪ੍ਰਗਟ ਕਰਦਾ ਹੈ। ਅਟਲ ਬਿਹਾਰੀ ਵਾਜਪਾਈ ਨੇ ਦਿੱਲੀ ਵਿਧਾਨ ਸਭਾ ਦੀ ਪਹਿਲੀ ਚੋਣ ਵਿੱਚ ਭਾਜਪਾ ਦੀ ਜਿੱਤ ਨੂੰ 'ਮਿੰਨੀ ਹਿੰਦੁਸਤਾਨ' ਜਿੱਤਣਾ ਕਿਹਾ ਸੀ। ਅਗਲੀ ਵਾਰ ਜਦੋਂ ਦਿੱਲੀ ਚੋਣਾਂ ਵਿੱਚ ਭਾਜਪਾ ਹਾਰ ਗਈ ਤਾਂ ਕਹਿ ਬੈਠੇ ਕਿ ਛੋਟਾ ਜਿਹਾ ਸ਼ਹਿਰ ਹੈ, ਕੋਈ ਫਰਕ ਨਹੀਂ ਪੈਂਦਾ। ਓਦੋਂ ਇੱਕ ਪੱਤਰਕਾਰ ਉਨ੍ਹਾਂ ਦਾ ਪੁਰਾਣਾ 'ਮਿੰਨੀ ਹਿੰਦੁਸਤਾਨ' ਵਾਲਾ ਬਿਆਨ ਕੱਢ ਲਿਆਇਆ ਸੀ। ਵਾਜਪਾਈ ਉਸ ਵੇਲੇ ਪ੍ਰਧਾਨ ਮੰਤਰੀ ਸਨ ਤੇ ਆਪਣੀ ਪਾਰਟੀ ਦੀ ਹਾਰ ਨੂੰ 'ਹਿੰਦੁਸਤਾਨ ਦੇ ਲੋਕਾਂ ਦੀ ਸੋਚ ਦਾ ਪ੍ਰਗਟਾਵਾ' ਮੰਨਣ ਨੂੰ ਤਿਆਰ ਨਹੀਂ ਸਨ।

ਅਸੀਂ ਇਸ ਸ਼ਹਿਰ ਵਿੱਚ ਕਿਸੇ ਪਾਰਟੀ ਦੀ ਹਾਰ ਜਾਂ ਜਿੱਤ ਨੂੰ ਉਸ ਪਾਰਟੀ ਦੀ ਸਾਰੇ ਦੇਸ਼ ਵਿੱਚ ਧੁੰਮ ਦਾ ਉਭਾਰ ਨਹੀਂ ਮੰਨਦੇ, ਪਰ ਜੋ ਕੁਝ ਓਥੇ ਚੋਣਾਂ ਵਿੱਚ ਹੁੰਦਾ ਰਿਹਾ ਤੇ ਇਸ ਵਾਰ ਵੀ ਹੁੰਦਾ ਪਿਆ ਹੈ, ਉਹ ਸਾਰੇ ਭਾਰਤ ਵਿੱਚ ਚੋਣਾਂ ਦੌਰਾਨ ਵਾਪਰਦੇ ਭੈੜੇ ਤੋਂ ਭੈੜੇ ਵਿਹਾਰ ਦਾ ਅਸਲੀ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਇਨ੍ਹਾਂ ਅਰਥਾਂ ਵਿੱਚ ਦਿੱਲੀ ਇਸ ਦੇਸ਼ ਦਾ ਏਨਾ 'ਸ਼ਾਨਦਾਰ' ਨਮੂਨਾ ਬਣ ਚੁੱਕੀ ਹੈ ਕਿ ਇਸ ਨੂੰ 'ਮਿੰਨੀ ਹਿੰਦੁਸਤਾਨ' ਵੀ ਕਿਹਾ ਜਾ ਸਕਦਾ ਹੈ।

ਦੇਸ਼ ਦੀ ਸਭ ਤੋਂ ਪੁਰਾਣੀ ਰਾਜਸੀ ਧਿਰ ਕਾਂਗਰਸ ਪਾਰਟੀ ਇਸ ਵਕਤ ਦੇਸ਼ ਵਿੱਚ ਬਹੁਤ ਬੁਰੇ ਹਾਲਾਤ ਵਿੱਚ ਫਸ ਕੇ ਖੱਜਲ ਹੁੰਦੀ ਫਿਰਦੀ ਹੈ ਤੇ ਕੁਰਸੀਆਂ ਦਾ ਸੁਖ ਮਾਣ ਚੁੱਕੇ ਆਗੂ ਡੁੱਬਦੇ ਜਹਾਜ਼ ਦੇ ਚੂਹਿਆਂ ਵਾਂਗ ਛਾਲਾਂ ਮਾਰਦੇ ਵੇਖੇ ਜਾ ਸਕਦੇ ਹਨ। ਉਹੋ ਜਿਹੇ ਆਗੂ ਦਿੱਲੀ ਵਿੱਚ ਵੀ ਇਹੋ ਕੁਝ ਕਰ ਰਹੇ ਹਨ। ਤਾਜ਼ਾ ਕੇਸ ਮਹਾਬਲ ਮਿਸ਼ਰਾ ਦਾ ਹੈ, ਜਿਸ ਨੇ ਪਾਰਟੀ ਨੂੰ ਡੁੱਬਦੀ ਵੇਖ ਕੇ ਉਸ ਪਾਰਟੀ ਦੇ ਉਮੀਦਵਾਰ ਲਈ ਪ੍ਰਚਾਰ ਕਰਨ ਨੂੰ ਪਹਿਲ ਦਿੱਤੀ ਹੈ, ਜਿਸ ਦੇ ਕਾਮਯਾਬ ਹੋਣ ਦੀ ਵੱਧ ਆਸ ਜਾਪਦੀ ਹੈ। ਕ੍ਰਿਸ਼ਨਾ ਤੀਰਥ ਪਹਿਲਾਂ ਭਾਜਪਾ ਵਿੱਚ ਜਾ ਚੁੱਕੀ ਸੀ। ਅਰਵਿੰਦਰ ਸਿੰਘ ਲਵਲੀ ਵਰਗਾ ਇਸ ਸ਼ਹਿਰ ਦੀ ਕਾਂਗਰਸ ਦਾ ਮੁਖੀ ਰਹਿ ਚੁੱਕਾ ਆਗੂ ਅਤੇ ਸਾਬਕਾ ਮੰਤਰੀ ਕਿੱਥੋਂ ਤੱਕ ਮੇਲਾ ਵੇਖ ਚੁੱਕਾ ਹੈ, ਇਸ ਬਾਰੇ ਹਰ ਕਿਸੇ ਨੂੰ ਪਤਾ ਹੈ। ਪਾਰਟੀ ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਆਪਣੇ ਦੋ ਬੱਚਿਆਂ ਨਾਲ ਇਸ ਪਾਰਟੀ ਦੇ ਬਾਕੀ ਬਚਦੇ ਤੀਲਿਆਂ ਨੂੰ ਜੋੜਨ ਦੇ ਯਤਨ ਕਰ ਰਹੀ ਹੈ, ਪਰ ਇਸ ਪੱਖੋਂ ਦਿੱਲੀ ਉਨ੍ਹਾਂ ਲਈ ਵੀ 'ਮਿੰਨੀ ਹਿੰਦੁਸਤਾਨ' ਹੈ।

ਆਮ ਆਦਮੀ ਪਾਰਟੀ ਬਾਕੀ ਦੇਸ਼ ਵਿੱਚ ਕਿਸੇ ਥਾਂ ਭੱਲ ਖੱਟਣ ਜੋਗੀ ਹੋ ਨਹੀਂ ਸਕੀ ਤੇ ਜਿਹੜੇ ਪੰਜਾਬ ਵਿੱਚ ਚਾਰ ਲੋਕ ਸਭਾ ਸੀਟਾਂ ਜਿੱਤ ਕੇ ਉਸ ਰਾਜ ਦੀ ਸਰਕਾਰ ਬਣਾਉਣ ਦਾ ਸੁਫਨਾ ਵੇਖਿਆ ਸੀ, ਓਥੇ ਸਫਲ ਨਹੀਂ ਸੀ ਹੋਈ। ਦਿੱਲੀ ਅੰਦਰ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਬੇਸ਼ੱਕ ਚੋਖੀ ਭੱਲ ਖੱਟ ਲਈ, ਪਰ ਇਸ ਪਾਰਟੀ ਨੇ ਵੀ ਦਿੱਲੀ ਨੂੰ 'ਮਿੰਨੀ ਹਿੰਦੁਸਤਾਨ' ਬਣਾਉਣ ਦੀ ਧਾਰ ਲਈ ਜਾਪਦੀ ਹੈ। ਇਹ ਸ਼ੱਕ ਟਿਕਟਾਂ ਦੀ ਵੰਡ ਤੋਂ ਪੈਦਾ ਹੋਇਆ ਹੈ। ਜਿਹੜੇ ਲੀਡਰ ਨੂੰ ਪੰਜਾਬ ਵਿੱਚ ਪਾਰਟੀ ਦਾ ਭੱਠਾ ਬਿਠਾਉਣ ਦਾ ਦੋਸ਼ੀ ਮੰਨਿਆ ਜਾਂਦਾ ਸੀ ਅਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਹਾਰਨ ਪਿੱਛੋਂ ਆਪਣਾ ਸਾਮਾਨ ਚੁੱਕਣ ਵੀ ਚੰਡੀਗੜ੍ਹ ਨੂੰ ਅੱਧੀ ਰਾਤ ਆਇਆ ਅਤੇ ਲੋਕਾਂ ਦੇ ਸੁੱਤੇ ਉੱਠਣ ਤੋਂ ਪਹਿਲਾਂ ਦਿੱਲੀ ਜਾ ਪੁੱਜਾ ਸੀ, ਉਸ ਨੂੰ ਇਸ ਪਾਰਟੀ ਨੇ ਇੱਕ ਪ੍ਰਮੁੱਖ ਹਲਕੇ ਤੋਂ ਉਮੀਦਵਾਰ ਬਣਾ ਲਿਆ ਹੈ। ਪਿਛਲੀ ਵਾਰ ਸੀਟਾਂ ਭਾਵੇਂ ਇਸ ਪਾਰਟੀ ਲਈ ਸਤਾਹਠ ਆ ਗਈਆਂ, ਇਸ ਦੇ ਵਿਧਾਇਕਾਂ ਵਿੱਚ ਵੰਨਗੀ ਬਹੁਤ ਅਜੀਬ ਸੀ। ਇੱਕ ਆਦਮੀ ਨੂੰ ਕਾਨੂੰਨ ਦੇ ਮਹਿਕਮੇ ਦਾ ਮੰਤਰੀ ਬਣਾ ਦਿੱਤਾ, ਕਿਉਂਕਿ ਉਹ 'ਵਕੀਲ' ਸੀ, ਪਰ ਸ਼ਿਕਾਇਤ ਹੋਈ ਤਾਂ ਉਸ ਨੇ ਜਿਹੜੇ ਕਾਲਜ ਵਿੱਚੋਂ ਪੜ੍ਹਾਈ ਕੀਤੀ ਦੱਸੀ ਸੀ, ਉਸ ਕਾਲਜ ਵਿੱਚ ਜਾ ਕੇ ਆਪਣਾ ਕਲਾਸ-ਰੂਮ ਵੀ ਨਾ ਦੱਸ ਸਕਿਆ, ਆਪਣੇ ਕਿਸੇ ਪ੍ਰੋਫੈਸਰ ਦਾ ਨਾਂਅ ਵੀ ਨਹੀਂ ਸੀ ਦੱਸ ਸਕਿਆ ਤੇ ਇੱਕ ਵੀ ਜਮਾਤੀ ਦਾ ਨਾਂਅ ਨਹੀਂ ਸੀ ਦੱਸ ਸਕਿਆ। ਡਿਗਰੀ ਝੂਠੀ ਸਾਬਤ ਹੋਈ ਤਾਂ ਉਸ ਨੂੰ ਜੇਲ੍ਹ ਜਾਣਾ ਪੈ ਗਿਆ ਸੀ। ਇਸ ਵਾਰ ਫਿਰ ਕੁਝ ਏਦਾਂ ਦੇ ਚਰਚੇ ਸੁਣੇ ਜਾ ਰਹੇ ਰਹੇ ਹਨ। ਇਹੋ ਜਿਹੇ ਚਰਚੇ ਭਾਵੇਂ ਗਲਤ ਵੀ ਹੋਣ ਤਾਂ ਫਰਕ ਨਹੀਂ ਪੈਂਦਾ, ਕਿਉਂਕਿ ਜਿਨ੍ਹਾਂ ਦੇ ਨਾਲ ਮੁਕਾਬਲਾ ਹੈ, ਉਨ੍ਹਾਂ ਝੂਠੀ ਜਾ ਸੱਚੀ ਕੋਈ ਡਿਗਰੀ ਪੇਸ਼ ਹੀ ਨਹੀਂ ਕਰਨੀ। ਇਸ ਕਰ ਕੇ ਦੋਵੀਂ ਪਾਸੀਂ ਨਿੰਦਣ-ਸਲਾਹੁਣ ਵਾਲਾ ਕੋਈ ਫਰਕ ਨਹੀਂ ਲੱਭਦਾ।



ਤੀਸਰੀ ਧਿਰ ਅਸਲ ਵਿੱਚ ਇਸ ਵਕਤ ਦਿੱਲੀ ਦੀ ਸਰਕਾਰ ਸਾਂਭ ਕੇ ਪਹਿਲੀ ਧਿਰ ਬਣਨ ਲਈ ਓਹੀ ਜ਼ੋਰ ਫਿਰ ਲਾ ਰਹੀ ਹੈ, ਜਿਹੜਾ ਸਾਰੇ ਦੇਸ਼ ਵਿੱਚ ਉਸ ਨੇ ਲਾਇਆ ਸੀ। ਜਿਸ ਤਰ੍ਹਾਂ ਪਾਰਟੀ ਦੇ ਦੋ ਮੁਖੀ ਲੀਡਰਾਂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੇ ਪਾਰਲੀਮੈਂਟ ਚੋਣਾਂ ਵਿੱਚ ਸਿਰਫ ਲੋਕਾਂ ਨੂੰ ਦੂਸਰੀਆਂ ਧਿਰਾਂ ਦੇ ਖਿਲਾਫ ਉਕਸਾਉਣ ਦਾ ਕੰਮ ਕੀਤਾ ਸੀ ਤੇ ਇਸ ਵਿੱਚ ਇਹ ਨਹੀਂ ਸੀ ਵੇਖਿਆ ਕਿ ਪੇਸ਼ ਕੀਤੇ ਜਾਂਦੇ ਤੱਥ ਵੀ ਸਚਾਈ ਤੋਂ ਪਰੇ ਹਨ, ਉਹੀ ਕੁਝ ਅੱਜ ਦਿੱਲੀ ਦੇ ਲੋਕਾਂ ਮੂਹਰੇ ਕੀਤਾ ਜਾ ਰਿਹਾ ਹੈ। ਦੇਸ਼ ਦੇ ਚੋਣ ਮੈਦਾਨ ਵਿੱਚ ਇਹ ਦੋਵੇਂ ਵੱਡੇ ਲੀਡਰ ਜਿਵੇਂ ਲੋਕਾਂ ਨੂੰ ਧਰਮ ਦਾ ਨਾਂਅ ਵਰਤ ਕੇ ਉਕਸਾਉਣ ਵਾਲੀਆਂ ਗੱਲਾਂ ਕੁਝ ਓਹਲਾ ਰੱਖ ਕੇ ਕਰਦੇ ਸਨ, ਦਿੱਲੀ ਦੀਆਂ ਚੋਣਾਂ ਵਿੱਚ ਉਨ੍ਹਾਂ ਦੇ ਸਥਾਨਕ ਆਗੂ ਸਿਰੇ ਦੀ ਬੇਸ਼ਰਮੀ ਨਾਲ ਨੰਗੇ ਸ਼ਬਦਾਂ ਵਿੱਚ ਕਰੀ ਜਾਂਦੇ ਹਨ। ਕੇਂਦਰ ਦਾ ਮੰਤਰੀ ਭਰੇ ਜਲਸੇ ਵਿੱਚ ਗੰਦੀ ਗਾਲ੍ਹ ਕੱਢਵਾ ਕੇ ਆਪਣੇ ਸਾਹਮਣੇ ਬੈਠੀ ਭੀੜ ਤੋਂ 'ਗੋਲੀ ਮਾਰੋ' ਦੇ ਨਾਅਰੇ ਲਵਾਉਂਦਾ ਵੇਖਿਆ ਗਿਆ ਹੈ। ਇੱਕ ਉਮੀਦਵਾਰ ਨੇ ਪਹਿਲਾਂ ਤਾਂ ਇਹ ਕਿਹਾ ਕਿ ਅੱਠ ਤਰੀਕ ਨੂੰ ਦਿੱਲੀ ਵਿੱਚ 'ਭਾਰਤ-ਪਾਕਿ ਮੈਚ' ਹੋਣ ਵਾਲਾ ਹੈ, ਜਦੋਂ ਚੋਣ ਕਮਿਸ਼ਨ ਨੇ ਝਾੜ ਪਾਉਣ ਨਾਲ ਦੋ ਦਿਨ ਪ੍ਰਚਾਰ ਤੋਂ ਲਾਂਭੇ ਕੀਤਾ ਤਾਂ ਇਸ ਦੀ ਥਾਂ ਨਵਾਂ ਨਾ ਨਾਅਰਾ ਕੱਢ ਲਿਆਇਆ ਹੈ ਕਿ ਅੱਠ ਫਰਵਰੀ ਨੂੰ ਇਸ ਦੇਸ਼ ਦੀ 'ਅੱਸੀ ਤੇ ਵੀਹ ਫੀਸਦੀ' ਆਬਾਦੀ ਦਾ ਆਪੋ ਵਿੱਚ ਭੇੜ ਹੋਣਾ ਹੈ। ਇਸ ਦਾ ਅਰਥ ਹੈ ਕਿ ਬਹੁ-ਗਿਣਤੀ ਭਾਈਚਾਰੇ ਦੇ ਅੱਸੀ ਫੀਸਦੀ ਲੋਕਾਂ ਨੇ ਸਾਰੀਆਂ ਘੱਟ-ਗਿਣਤੀਆਂ ਦੇ ਵੀਹ ਫੀਸਦੀ ਲੋਕਾਂ ਨਾਲ ਟੱਕਰ ਲੈਣੀ ਹੈ। ਦੇਸ਼ ਦਾ ਰਾਜ ਚਲਾ ਰਹੀ ਧਿਰ ਦਾ ਉਹ ਉਮੀਦਵਾਰ ਹੈ, ਨਾ ਇਸ ਤਰ੍ਹਾਂ ਦੀ ਬਕੜਵਾਹ ਕਰਨ ਤੋਂ ਉਸ ਨੂੰ ਕਿਸੇ ਪਾਰਟੀ ਆਗੂ ਨੇ ਰੋਕਿਆ ਹੈ ਤੇ ਨਾ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨੂੰ ਫਰਜ਼ ਯਾਦ ਆਇਆ ਹੈ। ਇੱਕ ਹੋਰ ਭਾਜਪਾ ਆਗੂ ਨੇ ਇਹ ਕਹਿ ਕੇ ਭਾਰਤ ਦੇ ਲੋਕਾਂ ਨੂੰ ਸੋਚਣ ਲਾ ਦਿੱਤਾ ਕਿ ਅੱਠ ਫਰਵਰੀ ਨੂੰ ਦਿੱਲੀ ਵਿਧਾਨ ਸਭਾ ਲਈ ਵੋਟਾਂ ਪੈਣ ਪਿੱਛੋਂ ਸ਼ਾਹੀਨ ਬਾਗ ਵਿੱਚ ਬੈਠੇ ਹੋਏ ਲੋਕਾਂ ਉੱਤੇ ਸਰਜੀਕਲ ਸਟਰਾਈਕ ਕੀਤੀ ਜਾਣੀ ਹੈ। ਇੱਕ ਪਾਰਲੀਮੈਂਟ ਮੈਂਬਰ ਨੇ ਇਹ ਗੱਲ ਕਹਿ ਦਿੱਤੀ ਕਿ ਅਸੀਂ ਬਾਰਡਰਾਂ ਉੱਤੇ ਅੱਤਵਾਦੀਆਂ ਨੂੰ ਲੱਭਦੇ ਫਿਰਦੇ ਹਾਂ ਤੇ ਅੱਤਵਾਦੀ ਦਿੱਲੀ ਵਿੱਚ ਫਿਰਦਾ ਹੈ, ਇਸ਼ਾਰਾ ਕੇਜਰੀਵਾਲ ਦੇ ਵੱਲ ਬੜੇ ਸਪੱਸ਼ਟ ਸ਼ਬਦਾਂ ਵਿੱਚ ਕਰ ਦਿੱਤਾ ਗਿਆ ਤੇ ਚੋਣ ਕਮਿਸ਼ਨ ਨੂੰ ਇਸ ਦਾ ਨੋਟਿਸ ਲੈਣਾ ਪੈ ਗਿਆ। ਭਾਰਤ ਦੇ ਸਮੁੱਚੇ ਚੋਣ ਮੈਦਾਨ ਵਿੱਚ ਇਹੋ ਸਭ ਕੁਝ ਤਾਂ ਕੀਤਾ ਜਾਂਦਾ ਹੈ, ਜਿਹੜਾ 'ਮਿੰਨੀ ਹਿੰਦੁਸਤਾਨ' ਵਿੱਚ ਹੋ ਰਿਹਾ ਹੈ।

ਭਾਰਤ ਦੇਸ਼ ਦਿੱਲੀ ਇਸ ਵੇਲੇ ਜਿਹੋ ਜਿਹੀ ਖੇਹ ਉੱਡਦੀ ਵੇਖ ਰਿਹਾ ਹੈ, ਇਸ ਨੇ ਦੇਸ਼ ਦੇ ਲੋਕਾਂ ਸਿਰ ਲੋਕਤੰਤਰ ਨੂੰ ਬਚਾਉਣ ਦੀ ਵੱਡੀ ਜ਼ਿਮੇਵਾਰੀ ਪਾ ਦਿੱਤੀ ਹੈ। ਇਹ ਜ਼ਿਮੇਵਾਰੀ ਹਰ ਜਾਗਦੇ ਸਿਰ ਵਾਲੇ ਨਾਗਰਿਕ ਦੇ ਸਿਰ ਹੈ।


# ਮਰਦੀ ਨੇ ਅੱਕ ਚੱਬਿਆ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ 75891-55501



"ਮਰਦੀ ਨੇ ਅੱਕ ਚੱਬਿਆ ਨੀ ਮੈ ਹਾਰ ਕੇ ਜੇਠ ਨਾਲ ਲਾਈਆਂ "ਭਾਵੇ ਇਹ ਬੋਲ ਸਾਡੀ ਸਭਿਅਤਾ ਦੇ ਹੱਕ ਵਿਚ ਨਹੀਂ ਸਨ.. ਪਰ ਫਿਰ ਵੀ ਇਹ ਗੀਤ ਸੱਤਰ ਅੱਸੀ ਦਹਾਕੇ ਵਿਚ ਬਹੁਤ ਮਕਬੂਲ ਹੋਇਆ ਸੀ .ਛੋਟੀ ਭਰਜਾਈ ਆਪਣੇ ਵਡੇ ਜੇਠ ਨੂੰ ਸਤਿਕਾਰ ਦੇਣ ਸਬੰਧੀ ਇਹ ਸਬਦ ਵਰਤਦੀ ਹੈ .ਪੰਜਾਬੀ ਸਭ ਤੋਂ ਸਰਲ ਭਾਸ਼ਾ ਹੈ ਇਸ ਨੂੰ ਸਮਝਣਾ ਕੋਈ ਬਹੁਤ ਔਖਾਂ ਨਹੀਂ ਹੁੰਦਾ .ਹਰ ਇਕ ਖੇਤਰ ਦੇ ਲੋਕ ਇਸ ਨੂੰ ਬਹੁਤ ਹੀ ਆਸਾਨੀ ਨਾਲ ਸਮਝ ਸਕਦੇ ਹਨ .ਪਰ ਮੈ ਗੱਲ ਕਿਸੇ ਗੀਤ ਦੀ ਨਹੀਂ ਕਰਨ ਜਾ ਰਿਹਾ, ਸਗੋਂ ਪੰਜਾਬ ਦੀਆਂ ਉਹਨਾਂ ਪ੍ਰਮੁੱਖ ਪਾਰਟੀਆਂ ਦੀ ਕਰਨ ਜਾ ਰਿਹਾ ਹਾਂ ਜਿਹੜੀਆਂ ਹਰ ਰੋਜ਼ ਨਵੇਂ ਨਵੇਂ ਪੈਂਤੜੇ ਬਦਲਦੀਆਂ ਰਹਿੰਦੀਆਂ ਹਨ .ਇਕ ਸਟੈਂਡ ਵਾਲੀ ਕੋਈ ਗੱਲ ਹੀ ਨਹੀਂ ਰਹੀ ਨਾ ਕੋਈਮਾਣ ਮਰਯਾਦਾ .ਦਿੱਲੀ ਵਿਚ ਵਿਧਾਨ ਸਭਾ ਦੀਆਂ ਚੋਣਾਂ ਦਾ ਬਿਗਲ ਵਜਦੇ ਸਾਰ ਹੀ ਸਾਰੀਆਂ ਪਾਰਟੀਆਂ ਨੇ ਆਪਣਾ ਆਪਣਾ ਜ਼ੋਰ ਅਜਮਾਇਸ਼ ਕਰਨਾ ਸ਼ੁਰੂ ਕਰ ਦਿਤਾ .ਦਿਲੀ ਵਿਚ ਤੀਸਰੀ ਧਿਰ ਵਲੋਂ ਉਭਰੀ ਆਪ ਪਾਰਟੀ ਨੇ ਪਿਛਲੇ ਪੰਜ ਸਾਲ ਆਪਣਾ ਕਬਜ਼ਾ ਅਜਮਾਈ ਰਖਿਆ . ਬੜੇ ਉਤਰਾ ਚੜ੍ਹਾ ਆਏ ਪਰ ਉਹ ਬਿਨਾ ਬੋਲੇ ਆਪਣਾ ਕਾਰਜ਼ਕਾਲ ਪੂਰਾ ਕਰ ਗਈ। ਹੁਣ ਜੱਦੀ ਪੁਖਤੀ ਪਾਰਟੀਆਂ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਜੇ ਕਰ ਹੁਣ ਵੀ ਦਿਲੀ ਵਿਚ ਆਪ ਪਾਰਟੀ ਕਾਬਜ ਹੁੰਦੀ ਹੈ ਤਾਂ ਪੂਰੇ ਦੇਸ਼ ਵਿਚ ਬਹੁਤ ਸਮੀਕਰਨ ਬਦਲ ਜਾਣਗੇ .ਇਸ ਕਰਕੇ ਕੋਈ ਵੀ ਪਾਰਟੀ ਆਪਣਾ ਮੌਕਾ ਹੱਥੋਂ ਗੁਆਉਣਾ ਨਹੀਂ ਚਾਹੁੰਦੀ ਜਿਵੇ ਕਿਵੇਂ ਦਿਲੀ ਦੀ ਵਾਂਗ ਡੋਰ ਸਾਡੇ ਹੱਥਾਂ ਵਿਚ ਆ ਜਾਵੇ ਫਿਰ ਨਾਲ ਫਿਰ ਵੇਖੀ ਜਾਵੇਗੀ। ਕਾਂਗਰਸ ਤੇ ਭਾਜਪਾ ਨੇ ਬਹੁਤ ਸਾਰੀਆਂ ਨਿੱਕੀਆਂ ਮੋਟੀਆਂ ਪਾਰਟੀਆਂ ਨਾਲ ਰਲ ਮਿਲ ਕੇ ਕੇਜਰੀਵਾਲ ਕਿਲ੍ਹਾ ਢਾਉਣ ਦਾ ਮਨ ਬਣਾ ਲਿਆ ਹੈ .ਪਰ ਸਭ ਤੋਂ ਜਿਆਦਾ ਜ਼ੋਰ ਭਾਜਪਾ ਨੂੰ ਲਾਉਣਾ ਪੈਣਾ ਹੈ ਕਿਉਂਕਿ ਉਹਨਾਂ ਦੀ ਕੇਂਦਰ ਵਿਚ ਬਹੁਮਤ ਨਾਲ ਸਰਕਾਰ ਬਣੀ ਹੋਈਹੈ .ਅਗਰ ਦਿੱਲੀ ਵਿਚ ਹਾਰ ਹੁੰਦੀ ਹੈ ਤਾਂ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਏਗਾ .ਐਨ ਮੌਕੇ ਤੇ ਸੀ ਏ ਏ ਕਨੂੰਨ ਲਾਗੂ ਕਰਕੇ ਪੰਗਾ ਪੈ ਗਿਆ ਉਹ ਵੀ ਆਪਣੀ ਭਾਈਵਾਲ ਪਾਰਟੀ ਅਕਾਲੀ ਦਲ ਨਾਲ .ਪੰਜਾਬ ਵਿਚ ਅਕਾਲੀ ਦਲ ਕਨੂੰਨ ਦਾ ਵਿਰੋਧ ਕਰ ਚੁਕਾ ਹੈ ਤੇ ਦਿੱਲੀ ਵਿਚ ਵਿਚ ਕਿਹੜੇ ਮੂੰਹ ਨਾਲ ਸਮਰਥਨ ਕਰਦਾ ਇਸ ਕਰਕੇ ਇਹਨਾਂ ਨੇ ਦਿੱਲੀ ਚੋਣਾਂ ਤੋਂ ਆਪਣਾ ਪਲਾ ਹੀ ਝਾੜ੍ਹ ਲਿਆ .ਹੁਣ ਦਿਲੀ ਵਿਚ ਅਕਾਲੀਆਂ ਦੀਆਂ ਵੋਟਾਂ ਕਿੱਧਰ ਜਾਣਗੀਆਂ ਇਹ ਸਾਰਿਆਂ ਦਾ ਸੋਚਣ ਦਾ ਵਿਸ਼ਾ ਬਣ ਗਿਆ ਸੀ . ਲੋਕਾਂ ਨੇ ਆਪਣੇ ਆਪਣੇ ਕਿਆਸ ਲਾਉਣੇ ਸ਼ੁਰੂ ਕਰ ਦਿਤੇ ਕਿ ਇਹ ਵੋਟ ਬੈਂਕ ਕਾਂਗਰਸ ਵੱਲ ਜਾਵੇਗਾ ਜਾਂ ਆਪ ਪਾਰਟੀ ਦੀ ਝੋਲੀ ਭਰੇਗਾ .ਹੁਣ ਅਕਾਲੀ ਦਲ ਨੇ ਤਾਂ ਚੋਣ ਮੈਦਾਨ ਪੂਰੀ ਤਰਾਂ ਛੱਡ ਦਿਤਾ ਸੀ ਤੇ ਵੋਟ ਵੀ ਅਕਸਰ ਕਿਸੇ ਨਾ ਕਿਸੇ ਪਾਸੇ ਤਾਂ ਪਾਉਣੀ ਹੈ .ਇਧਰ ਅਕਾਲੀਆਂ ਨੂੰ ਪੰਜਾਬ ਵੀ ਭਾਜਪਾ ਤੋਂ ਬਿਨਾਂ ਜਿੱਤਣਾ ਥੋੜ੍ਹਾ ਜਿਹਾ ਔਖਾ ਲਗਦਾ ਹੈ .ਇਹ ਸਾਰਾ ਕੁਝ ਵੇਖਦੇ ਹੋਏ ਸ਼ਾਇਦ ਵੱਡੇ ਬਾਦਲ ਸਾਬ੍ਹ ਜੋ ਸਿਆਸਤ ਦੀ ਜੜ੍ਹ ਹਨ ਉਹਨਾਂ ਨੇ ਸੁਖਬੀਰ ਦੇ ਕੰਨ ਵਿਚ ਫੂਕ ਮਾਰੀ ਹੋਵੇਗੀ ਕਿ ਮੁੰਡਿਆਂ ਇਹ ਕਿ ਕਰ ਦਿਤਾ ਈ .ਜਾਹ ਦਿੱਲੀ ਵਿਚ ਜਾਕੇ ਲੋਕਾਂ ਨੂੰ ਕਹਿ ਕੇਅਪਣੀਆਂ ਵੋਟਾਂ ਭਾਜਪਾ ਦੇ ਹੱਕ ਵਿਚ ਪੋਲ ਕਰਨ . ਜਿਸ ਕਰਕੇ ਸੁਖਬੀਰ ਨੂੰ ਇਹ ਗੱਲ ਬਾਪੂ ਦੀ ਸੁਣਕੇ ਸ਼ਾਇਦ ਉਹ ਗਾਣਾ ਜਰੂਰ ਯਾਦ ਆ ਗਿਆ ਹੋਵੇਗਾ ਕਿ" ਮਰਦੀ ਨੇ ਅੱਕ ਚੱਬਿਆ ਨੀ ਮੈ ਹਾਰ ਕੇ ਜੇਠ ਨਾਲ ਲਾਈਆਂ "ਤੇ ਜੇਠ ਤਾਂ ਪਹਿਲਾਂ ਹੀ ਇਹ ਚਾਉਂਦਾ ਸੀ ਕਿ ਮੈ ਕਦੋ ਤੇਰੇ ਨਾਲ ਨਰਾਜ਼ ਹਾਂ ਤੂੰ ਹੀ ਆਪਣੀ ਮਰਜ਼ੀ ਨਾਲ ਮੇਰੇ ਤੋਂ ਨਰਾਜ਼ ਹੋਈ ਸੀ।

# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮੀਰਪੁਰ ਖਾਸ



ਮੀਰਪੁਰ ਖਾਸ, ਸਿੰਧ ਪ੍ਰਾਂਤ ਦਾ ਮਸ਼ਹੂਰ ਸ਼ਹਿਰ ਹੈ । ਇਹ ਸ਼ਹਿਰ ਜ਼ਿਲੇ ਦਾ ਪ੍ਰਧਾਨ ਨਗਰ ਹੈ । ਰੇਲਵੇ ਸਟੇਸ਼ਨ ਵੀ ਇੱਥੇ ਹੈ । ਰੇਲਵੇ ਸਟੇਸ਼ਨ ਤੋਂ ਸ਼ਹਿਰ ਵੱਲ ਜਾਂਦਿਆ ਦੂਜੇ ਚੌਕ ਅੰਦਰ ਇੱਕ ਬਹੁਤ ਵੱਡੀ ਇਮਾਰਤ ਤੁਹਾਨੂੰ ਵਿਖਾਈ ਦਿੰਦੀ ਹੈ । ਇਹ ਉਹ ਪਾਵਨ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਾਵਨ ਚਰਨਾਂ ਦੀ ਛੋਹ ਬਖਸ਼ੀ । ਇਸ ਵੇਲੇ ਇਸ ਵਿਸ਼ਾਲ ਤੇ ਤਿੰਨ ਮੰਜ਼ਲਾ ਇਮਾਰਤ ਅੰਦਰ ਮਤਰੂਕਾ ਵਕਫ ਬੋਰਡ ਦਾ ਦਫਤਰ ਹੈ ।

# ਉਲਝਣਾਂ ਵਿੱਚ ਨਜ਼ਰ ਆਉਂਦਾ ਹੈ ਅਕਾਲੀ ਦਲ

-ਤਰਲੋਚਨ ਸਿੰਘ (ਸਾਬਕਾ ਐੱਮ ਪੀ)

ਕੁਝ ਚਿਰ ਤੋਂ ਸ਼੍ਰੋਮਣੀ ਅਕਾਲੀ ਦਲ ਕਈ ਉਲਝਣਾਂ ਵਿੱਚ ਨਜ਼ਰ ਆ ਰਿਹਾ ਹੈ। ਭਾਰਤ ਵਿੱਚ ਕਾਂਗਰਸ ਪਾਰਟੀ ਤੋਂ ਪਿੱਛੋਂ ਸਭ ਤੋਂ ਲੰਬੀ ਉਮਰ ਸ਼੍ਰੋਮਣੀ ਅਕਾਲੀ ਦਲ ਦੀ ਹੈ। ਅਗਲੇ ਸਾਲ ਇਹ ਆਪਣਾ 100ਵਾਂ ਜਨਮ ਦਿਨ ਮਨਾਏਗਾ। ਇਸ ਪਾਰਟੀ ਦਾ ਇਤਿਹਾਸ ਬੜਾ ਸ਼ਾਨਦਾਰ ਹੈ। ਆਜ਼ਾਦੀ ਦੀ ਜੰਗ ਵਿੱਚ ਪੂਰਾ ਹਿੱਸਾ ਲਿਆ। ਕੁਰਬਾਨੀਆਂ 'ਚ ਆਪਣਾ ਯੋਗਦਾਨ ਪਾਇਆ। ਬਾਬਾ ਖੜਕ ਸਿੰਘ, ਜਿਹੜੇ ਪ੍ਰਧਾਨ ਸਨ, ਨੇ ਲੰਮੀ ਜੇਲ੍ਹ ਕੱਟੀ ਤੇ ਮੁਸੀਬਤ ਸਹੀ ਸੀ। ਦਲ ਦੇ ਪ੍ਰਧਾਨ ਬਾਬੂ ਲਾਭ ਸਿੰਘ ਨੇ ਸ਼ਹੀਦੀ ਪਾਈ ਸੀ। ਭਾਰਤ ਵਿੱਚ ਪਹਿਲੀ ਚੋਣ 1936 ਵਿੱਚ ਹੋਈ ਸੀ, ਉਦੋਂ ਅਕਾਲੀ ਆਗੂ ਲਾਹੌਰ ਅਸੈਂਬਲੀ ਵਿੱਚ ਜਿੱਤ ਕੇ ਪੁੱਜੇ ਸਨ, ਫਿਰ ਅਕਾਲੀ ਵਜ਼ੀਰ ਵੀ ਬਣੇ। ਅਕਾਲੀ ਆਗੂ ਬਲਦੇਵ ਸਿੰਘ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣੇ। ਭਾਰਤ ਲਈ ਸਭ ਤੋਂ ਵੱਡੀ ਸੇਵਾ ਅਕਾਲੀ ਦਲ ਦੀ 1947 ਵਿੱਚ ਸੀ, ਜਦੋਂ ਮਾਸਟਰ ਤਾਰਾ ਸਿੰਘ ਨੇ ਪੰਜਾਬ ਦੀ ਵੰਡ ਕਰਵਾ ਕੇ ਅੱਧਾ ਪੰਜਾਬ ਭਾਰਤ ਵਿੱਚ ਲੈ ਕੇ ਦਿੱਤਾ। ਉਸ ਸਮੇਂ ਦੇ ਅਕਾਲੀ ਲੀਡਰਾਂ ਦੀ ਕਦਰ ਸਾਰਾ ਦੇਸ਼ ਕਰਦਾ ਸੀ। ਇਹ ਸਨ ਗਿਆਨੀ ਕਰਤਾਰ ਸਿੰਘ, ਊਧਮ ਸਿੰਘ ਨਾਗੋਕੇ, ਬਲਦੇਵ ਸਿੰਘ, ਸਵਰਨ ਸਿੰਘ, ਉਜਲ ਸਿੰਘ, ਬਾਵਾ ਹਰਕਿਸ਼ਨ ਸਿੰਘ, ਅਜੀਤ ਸਿੰਘ ਸਰਹੱਦੀ ਆਦਿ।

ਆਜ਼ਾਦੀ ਮਿਲਣ ਪਿੱਛੋਂ ਅਕਾਲੀ ਦਲ ਨੂੰ ਲੰਮੀ ਲੜਾਈ ਲੜਨੀ ਪਈ ਅਤੇ ਮੋਰਚੇ ਲਾਏ। ਹਜ਼ਾਰਾਂ ਲੋਕ ਜੇਲ੍ਹ ਗਏ। ਪਹਿਲਾਂ ਦਲਿਤ ਸਿੱਖਾਂ ਨੂੰ ਰਾਖਵੇਂ ਹੱਕ ਦਿਵਾਏ। ਫਿਰ ਪੰਜਾਬੀ ਸੂਬਾ 1966 ਵਿੱਚ ਬਣਵਾ ਲਿਆ। ਇਸੇ ਕਾਰਨ ਅਕਾਲੀ ਦਲ ਨੂੰ ਕਈ ਵਾਰ ਰਾਜ ਕਰਨ ਦਾ ਮੌਕਾ ਮਿਲਿਆ ਹੈ। 1966 ਵਿੱਚ ਨਵਾਂ ਪੰਜਾਬ ਬਣ ਗਿਆ ਅਤੇ ਹਰਿਆਣਾ ਅਤੇ ਹਿਮਾ-ਚਲ ਵੱਖਰੇ ਸੂਬੇ ਬਣ ਗਏ। ਕਈ ਅਕਾਲੀ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਬਣੇ ਹਨ।

ਅੱਜ ਅਕਾਲੀ ਦਲ ਲਈ ਕਈ ਮੁਸੀਬਤਾਂ ਹਨ। ਅਸੈਂਬਲੀ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਹੋਈ, ਇੰਨੇ ਘੱਟ ਐਮ ਐਲ ਏ ਪਹਿਲੀ ਵਾਰ ਆਏ ਹਨ। ਪਾਰਲੀਮੈਂਟ ਚੋਣਾਂ ਵਿੱਚ ਸਿਰਫ ਦੋ ਸੀਟਾਂ ਜਿੱਤੀਆਂ, ਫਿਰ ਵੱਡੇ ਲੀਡਰ ਇਕਜੁਟ ਹੋ ਕੇ ਪਾਰਟੀ ਹਾਈ ਕਮਾਨ ਵਿਰੁੱਧ ਖੜ੍ਹੋ ਗਏ। ਅਕਾਲੀ ਦਲ ਦੀ ਅਣਗਹਿਲੀ ਇਹ ਹੈ ਕਿ ਇਸ ਨੇ ਕਦੇ ਪੋਸਟ ਮਾਰਟਮ ਨਹੀਂ ਕੀਤਾ।



ਫਾਈਲ ਫੋਟੋ

ਇੰਨੀਆਂ ਵੱਡੀਆਂ ਘਟਨਾਵਾਂ ਹੋਈਆਂ, ਜਿਸ ਨਾਲ ਪੰਜਾਬ ਤਬਾਹ ਹੋ ਗਿਆ। ਚੋਣਾਂ ਕਿਉਂ ਹਾਰੀਆਂ? ਇਸ ਬਾਰੇ ਕੋਈ ਚਰਚਾ ਨਹੀਂ ਹੋਈ।

ਅਕਾਲੀ ਲੀਡਰਾਂ ਨੇ ਨਵੀਂ ਪਾਲਿਸੀ ਬਣਾ ਲਈ ਕਿ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿੱਚ ਚੋਣਾਂ ਲੜੀਆਂ ਜਾਣ। ਪਹਿਲਾਂ ਯੂ ਪੀ ਵਿੱਚ ਰੈਲੀਆਂ ਆਰੰਭ ਕੀਤੀਆਂ। ਆਪਣੇ ਲੀਡਰ ਭੇਜ ਦਿੱਤੇ। ਐਲਾਨ ਕਰ ਦਿੱਤਾ ਕਿ ਇੰਨੀਆਂ ਸੀਟਾਂ 'ਤੇ ਚੋਣ ਲੜਾਂਗੇ। ਭਾਜਪਾ ਨਾਲ ਮਿਲ ਕੇ ਲੜਾਂਗੇ, ਉਸ ਤੋਂ ਸੀਟਾਂ ਲਵਾਂਗੇ। ਵਿਚਾਰੇ ਸਿੱਖ ਇਨ੍ਹਾਂ ਦੀ ਆਸ 'ਤੇ ਬੈਠੇ ਰਹੇ ਅਤੇ ਕਿਸੇ ਹੋਰ ਪਾਰਟੀ ਵੱਲ ਨਾ ਗਏ। ਅਖੀਰ ਭਾਜਪਾ ਨੇ ਨਾਂਹ ਕਰ ਦਿੱਤੀ। ਖਾਲੀ ਮੁੜ ਆਏ ਤਾਂ ਰਾਜਸਥਾਨ ਪੁੱਜ ਗਏ, ਉਥੇ ਵੀ ਉਹੀ ਹੋਇਆ, ਜਿਹੜਾ ਯੂ ਪੀ ਵਿੱਚ ਵਾਪਰਿਆ ਸੀ। ਰਾਜਸਥਾਨ ਵਿੱਚ ਕਾਂਗਰਸ ਦੀਆਂ ਟਿਕਟਾਂ 'ਤੇ ਹਮੇਸ਼ਾ ਦੋ-ਤਿੰਨ ਸਿੱਖ ਹੁੰਦੇ ਸਨ। ਭਾਜਪਾ ਨੇ ਵੀ ਸਿੱਖ ਵਜ਼ੀਰ ਬਣਾਏ ਸਨ, ਪਰ ਕਦੇ ਅਕਾਲੀ ਨਹੀਂ ਬਣਿਆ।

ਉਤਰਾਖੰਡ ਵਿੱਚ ਜਿੱਥੇ ਤਰਾਈ ਦਾ ਸਿੱਖ ਇਲਾਕਾ ਹੈ, ਹਰਭਜਨ ਸਿੰਘ ਚੀਮਾ, ਜੋ ਅਕਾਲੀ ਆਗੂ ਹੈ, ਤੀਜੀ ਵਾਰ ਭਾਜਪਾ ਦਾ ਐੱਮ ਐੱਲ ਏ ਬਣਿਆ ਹੈ। ਜਦੋਂ ਇਹ ਨਵਾਂ ਸੂਬਾ ਬਣਿਆ ਸੀ, ਮੈਂ ਤੇ ਸੁਖਦੇਵ ਸਿੰਘ ਢੀਂਡਸਾ ਨੇ ਚੀਮਾ ਨੂੰ ਟਿਕਟ ਦਿਵਾਉਣ ਵਿੱਚ ਮਦਦ ਕੀਤੀ ਸੀ। ਹਰਿਆਣੇ ਵਿੱਚ ਅਕਾਲੀ ਦਲ ਨੇ ਪੂਰੀ ਤਾਕਤ ਝੋਕ ਦਿੱਤੀ ਕਿ ਅਸੀਂ ਅਕਾਲੀ ਉਮੀਦਵਾਰ ਜਿਤਾ ਕੇ ਵੱਧ ਤੋਂ ਵੱਧ ਐਮ ਐਲ ਏ ਬਣਾਵਾਂਗੇ। ਬੜੀਆਂ ਰੈਲੀਆਂ ਹੋਈਆਂ, ਸਿੱਖ ਹਮਾਇਤ ਉੱਤੇ ਆ ਗਏ। ਬੜੀ ਆਸ ਸੀ ਕਿ ਹਿੱਸਾ ਮਿਲੇਗਾ। ਆਪੇ ਭਾਜਪਾ ਅਕਾਲੀ ਗਠਜੋੜ ਦਾ ਐਲਾਨ ਕਰਦੇ ਰਹੇ, ਪਰ ਭਾਜਪਾ ਨੇ ਇੱਕ ਵੀ ਸੀਟ ਦੇਣ ਤੋਂ ਨਾਂਹ ਕਰ ਦਿੱਤੀ। ਆਪਣੀ ਟਿਕਟ ਉੱਤੇ ਇੱਕ ਸਿੱਖ ਪਿਹੋਵਾ ਤੋਂ ਜਿਤਾ ਕੇ ਵਜ਼ੀਰ ਬਣਾ ਦਿੱਤਾ ਹੈ। ਸਿੱਖਾਂ ਵਿੱਚ ਬੜੀ ਨਮੋਸ਼ੀ ਹੋਈ। ਕੀ ਲਾਭ ਮਿਲਿਆ।

ਅੱਜਕੱਲ੍ਹ ਦਿੱਲੀ ਵਿੱਚ ਚੋਣਾਂ ਹੋ ਰਹੀਆਂ ਹਨ। ਪਿਛਲੀਆਂ ਚੋਣਾਂ ਵਿੱਚ ਦੋ ਵਾਰ ਅਕਾਲੀ ਦਲ ਨੂੰ ਚਾਰ ਸੀਟਾਂ ਉੱਤੇ ਹਿੱਸਾ ਮਿਲਦਾ ਰਿਹਾ, ਪਰ ਭਾਜਪਾ ਆਪਣੇ ਚੋਣ ਨਿਸ਼ਾਨ 'ਤੇ ਲੜਾਉਂਦੀ ਸੀ। ਇਸ ਵਾਰ ਭਾਜਪਾ ਨੇ ਕੋਈ ਸੀਟ ਅਕਾਲੀ ਦਲ ਨੂੰ ਨਹੀਂ ਦਿੱਤੀ, ਪਰ ਆਪਣੀ ਟਿਕਟ 'ਤੇ ਚਾਰ ਸਿੱਖ ਖੜ੍ਹੇ ਕੀਤੇ ਹਨ। ਅਕਾਲੀ ਦਲ ਨੇ ਐਲਾਨ ਕਰ ਦਿੱਤਾ ਕਿ ਉਹ ਚੋਣਾਂ ਨਹੀਂ ਲੜੇਗਾ। ਆਪਣੇ ਬਲਬੂਤੇ ਸੀਟ ਜਿੱਤਣੀ ਔਖੀ ਸੀ।

ਇਨ੍ਹਾਂ ਹਾਲਾਤ ਨੂੰ ਮੁੱਖ ਰੱਖ ਕੇ ਅਕਾਲੀ ਦਲ ਨੂੰ ਸੋਚਣ ਦੀ ਲੋੜ ਹੈ ਕਿ ਉਹ ਕਿਉਂ ਪੰਜਾਬ ਤੋਂ ਬਾਹਰ ਆਪਣਾ ਰਾਜਸੀ ਪ੍ਰਭਾਵ ਪਾਉਣ ਦੀ ਖੇਚਲ ਕਰਦਾ ਹੈ? ਆਪਣੇ ਬਲਬੂਤੇ ਕੋਈ ਇੱਕ ਸੀਟ ਵੀ ਅਕਾਲੀ ਵੋਟ ਬੈਂਕ ਨਾ ਹੋਣ ਕਰ ਕੇ ਜਿੱਤ ਨਹੀਂ ਸਕਦਾ। ਫਿਰ ਸਿੱਖਾਂ ਨੂੰ ਕਿਉਂ ਗਲਤ ਆਸਾਂ 'ਤੇ ਬਿਠਾ ਦਿੰਦਾ ਹੈ? ਉਹ ਵਿਚਾਰੇ ਕਿਧਰੇ ਹੋਰ ਨਹੀਂ ਜਾਂਦੇ, ਜਦ ਤੁਸੀਂ ਉਨ੍ਹਾਂ ਦੀ ਆਸ ਬਣਾ ਦਿੰਦੇ ਹੋ। ਤੁਹਾਡੇ ਇਸ ਐਕਸ਼ਨ ਨਾਲ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ। ਇਸ ਨਾਲ ਤੁਹਾਡੇ ਸਿਆਸੀ ਅਕਸ ਨੂੰ ਵੀ ਖੋਰਾ ਲੱਗਦਾ ਹੈ।

ਮਾਸਟਰ ਤਾਰਾ ਸਿੰਘ ਨੇ ਹਮੇਸ਼ਾ ਪੰਜਾਬੋਂ ਬਾਹਰ ਸਿੱਖਾਂ ਨੂੰ ਆਜ਼ਾਦੀ ਦਿੱਤੀ ਸੀ। ਦਿੱਲੀ ਵਿੱਚ ਸਭ ਤੋਂ ਵੱਧ ਸਿੱਖ ਪਾਕਿਸਤਾਨ ਤੋਂ ਆ ਕੇ ਵੱਸ ਗਏ, ਪਰ ਕਦੇ ਅਕਾਲੀ ਉਮੀਦਵਾਰ ਨਹੀਂ ਖੜ੍ਹਾ ਕੀਤਾ। ਦਿੱਲੀ ਦਾ ਪਹਿਲਾ ਮੁੱਖ ਮੰਤਰੀ ਗੁਰਮੁਖ ਨਿਹਾਲ ਸਿੰਘ ਕਾਂਗਰਸ ਦਾ ਸੀ। ਬਾਵਾ ਬਚਿੱਤਰ ਸਿੰਘ ਮੇਅਰ ਬਣ ਗਿਆ ਸੀ। ਅਮਰ ਸਿੰਘ ਸਹਿਗਲ ਮੱਧ ਭਾਰਤ ਤੋਂ ਕਾਂਗਰਸ ਦਾ ਐੱਮ ਪੀ ਬਣ ਕੇ ਆਇਆ। ਹਰ ਸਟੇਟ ਵਿੱਚ ਸਿੱਖ ਐੱਮ ਐੱਲ ਏ ਕਿਸੇ ਨਾ ਕਿਸੇ ਪਾਰਟੀ ਤੋਂ ਬਣ ਕੇ ਆਉਂਦੇ ਹਨ। ਯੂ ਪੀ ਵਿੱਚ ਸਿੱਖ ਵਜ਼ੀਰ ਸਨ, ਭੋਪਾਲ ਵਿੱਚ ਸਿੱਖ ਵਜ਼ੀਰ, ਰਾਜਸਥਾਨ ਵਿੱਚ ਵਜ਼ੀਰ, ਬੰਗਾਲ ਵਿੱਚ ਵਜ਼ੀਰਾ, ਮਹਾਰਾਸ਼ਟਰ ਵਿੱਚ ਤਾਰਾ ਸਿੰਘ ਤਿੰਨ ਵਾਰ ਐਮ ਐਲ ਏ ਸੀ। ਇਸ ਚੋਣ ਵਿਚ ਉੜੀਸਾ ਵਿੱਚ ਦੋ ਸਿੱਖ ਐੱਮ ਐੱਲ ਏ ਹਨ, ਇੱਕ ਕਾਂਗਰਸ ਤੇ ਇੱਕ ਪਟਨਾਇਕ ਪਾਰਟੀ ਦਾ ਹੈ। ਕਸ਼ਮੀਰ ਵਿੱਚ ਵੀ ਸਿੱਖ ਐੱਮ ਐੱਲ ਏ ਅਤੇ ਵਜ਼ੀਰ ਰਹੇ ਹਨ।

ਸਾਡਾ ਮੰਤਵ ਇਹ ਹੋਵੇ ਕਿ ਸਿੱਖ ਭਾਰਤ ਵਿੱਚ ਆਪਣਾ ਮਾਣ-ਸਤਿਕਾਰ ਪ੍ਰਾਪਤ ਕਰੇ, ਰਾਜਸੀ ਮਾਣ ਲਵੇ। ਉਸ ਨੂੰ ਹਰ ਪਾਰਟੀ ਅੱਗੇ ਲਿਆਵੇ। ਅਕਾਲੀ ਦਲ ਇਸ ਨੂੰ ਖੁਸ਼ੀ ਦਾ ਸੁਨੇਹਾ ਸਮਝੇ। ਮੈਂ ਮਹਿਸੂਸ ਕਰਦਾ ਹਾਂ ਕਿ ਦਿੱਲੀ ਵਿੱਚ ਚੋਣ ਨਿਸ਼ਾਨ ਦੀ ਜ਼ਿੱਦ ਨੇ ਗੱਲ ਵਿਗਾੜੀ ਹੈ। ਪਾਰਟੀ ਦੇ ਦੋ ਆਗੂ ਮਨਜਿੰਦਰ ਸਿੰਘ ਸਿਰਸਾ ਤੇ ਹਰਮੀਤ ਸਿੰਘ ਕਾਲਕਾ ਜਿੱਤ ਕੇ ਸਿੱਖਾਂ ਦੀ ਸੇਵਾ ਕਰਦੇ, ਉਨ੍ਹਾਂ ਨੇ ਪਹਿਲਾਂ ਵੀ ਹਰ ਪੱਖੋਂ ਆਪਣੀ ਧਾਕ ਬਣਾਈ ਹੈ। ਚੋਣ ਨਿਸ਼ਾਨ ਨਾਲ ਕੀ ਫਰਕ ਪੈਂਦਾ ਹੈ? ਭਾਵਨਾ ਨਹੀਂ ਬਦਲਦੀ, ਗਠਜੋੜ ਵਿੱਚ ਇਹ ਤਲਖੀ ਮਹਿੰਗੀ ਪਈ ਹੈ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਆਪਣੀ ਮਜ਼ਬੂਤੀ ਵਧਾਏ। ਇਸ ਸੰਕਟ ਨੂੰ ਹੱਲ ਕਰੇ। ਮੈਂ ਇਹ ਸਮਝਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਇਸ ਨਜ਼ਾਕਤ ਨੂੰ ਸਮਝਣ ਤੇ ਆਪਣਾ ਰਸੂਖ ਇੱਕ ਵਾਰ ਫਿਰ ਇਸ ਕੰਮ ਲਈ ਲਾਉਣ। ਵੱਡੇ ਤੋਂ ਵੱਡੇ ਮਸਲੇ ਉਨ੍ਹਾਂ ਹੱਲ ਕੀਤੇ ਹਨ। ਖੇਤਰੀ ਪਾਰਟੀਆਂ ਹਰ ਸੂਬੇ ਵਿੱਚ ਸ਼ਕਤੀ ਵੱਲ ਵਧੀਆਂ ਹਨ। ਪੰਜਾਬ ਨੂੰ ਅਕਾਲੀ ਦਲ ਦੀ ਲੋੜ ਹੈ। ਇਸ ਦੀ ਕੀਤੀ ਸੇਵਾ ਕੋਈ ਨਹੀਂ ਭੁਲਦਾ। ਇਸ ਦੀ 100ਵੀਂ ਵਰ੍ਹੇਗੰਢ ਨੂੰ ਸਹੀ ਰੂਪ ਵਿੱਚ ਮਨਾਉਣ ਲਈ ਪ੍ਰਕਾਸ਼ ਸਿੰਘ ਬਾਦਲ ਉਪਰਾਲਾ ਕਰਨ। ਕਦੇ ਇਹ ਵੀ ਸੋਚੋ ਕਿ ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਅਮਰੀਕਾ ਵਿੱਚ ਕਿਵੇਂ ਸਿੱਖ ਵੱਖ-ਵੱਖ ਪਾਰਟੀਆਂ ਵਿੱਚ ਜਾ ਕੇ ਜਿੱਤਾਂ ਹਾਸਲ ਕਰ ਰਹੇ ਹਨ।



## ਕਰੋੜਾਂ ਦੀ ਜ਼ਮੀਨ ਹੜੱਪਣ ਲਈ ਪਤੀ ਨਾਲ ਮਿਲ ਕੇ ਘਪਲਾ

ਜਲੰਧਰ, 2 ਫਰਵਰੀ (ਪੋਸਟ ਬਿਊਰੋ)- ਘਰੇਲੂ ਵਿਵਾਦ ਤੋਂ ਬਾਅਦ ਪਿਤਾ ਵੱਲੋਂ ਚੱਲ-ਅਚੱਲ ਜਾਇਦਾਦ 'ਚੋਂ ਕੱਢੇ ਜਾਣ ਪਿੱਛੋਂ ਕਰੋੜਾਂ ਰੁਪਏ ਦੀ ਜਾਇਦਾਦ ਹੜੱਪਣ ਲਈ ਫਰਜ਼ੀ ਪਾਵਰ ਆਫ ਅਟਾਰਨੀ ਬਣਵਾਉਣ ਵਾਲੀ ਧੀ ਅਤੇ ਉਸ ਦੇ ਪਤੀ ਖਿਲਾਫ ਪੁਲਸ ਨੇ ਧੋਖਾਦੇਹੀ ਦਾ ਕੇਸ ਦਰਜ ਕੀਤਾ ਹੈ। ਉਨ੍ਹਾ ਦੀ ਪਛਾਣ ਇੰਗਲੈਂਡ ਵਾਸੀ ਡਾਕਟਰ ਸੰਗੀਤਾ ਸ਼ਰਮਾ ਤੇ ਉਸ ਦੇ ਪਤੀ ਗੌਰਵ ਸ਼ਰਮਾ ਵਜੋਂ ਹੋਈ ਹੈ, ਜੋ ਅੱਜਕੱਲ੍ਹ ਈਸ਼ਵਰ ਨਗਰ ਲੁਧਿਆਣਾ ਵਿਖੇ ਰਹਿ ਰਹੇ ਹਨ।

ਫਿਲੌਰ ਦੇ ਵਾਸੀ ਪ੍ਰਮੋਦ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ ਨੇ ਪੁਲਸ ਕਮਿਸ਼ਨਰ ਦਫਤਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਬੜਾ ਪਿੰਡ ਵਾਸੀ ਉਨ੍ਹਾਂ ਦੇ ਚਾਚਾ ਪ੍ਰੇਮ ਕੁਮਾਰ ਭਗਤ ਦੀ ਮਈ 2019 ਵਿੱਚ ਮੌਤ ਹੋਈ ਸੀ, ਜਿਨ੍ਹਾਂ ਨੇ ਆਪਣੀ ਮੌਤ ਤੋਂ ਕਰੀਬ ਇੱਕ ਸਾਲ ਪਹਿਲਾਂ ਵਸੀਅਤ ਲਿਖ ਕੇ ਆਪਣੀ ਜਾਇਦਾਦ ਆਪਣੇ ਪੁੱਤਰ ਰਾਜੀਵ ਕੁਮਾਰ ਅਤੇ ਦੋ ਭਤੀਜਿਆਂ ਸੰਦੀਪ ਕੁਮਾਰ ਤੇ ਪ੍ਰਮੋਦ ਕੁਮਾਰ ਦੇ ਨਾਂਅ 'ਤੇ ਕੀਤੀ ਸੀ, ਪਰ ਆਪਣੀ ਪੁੱਤਰੀ ਅਤੇ ਪਤਨੀ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਪ੍ਰੇਮ ਕੁਮਾਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਇੰਗਲੈਂਡ ਰਹਿੰਦੀ ਪੁੱਤਰੀ ਡਾਕਟਰ ਸੰਗੀਤਾ ਸ਼ਰਮਾ ਅਤੇ ਜਵਾਈ ਗੌਰਵ ਸ਼ਰਮਾ ਨੇ ਕੋਰਟ ਤੋਂ ਬਾਹਰ ਝੂਠੀ ਪਾਵਰ ਆਫ ਅਟਾਰਨੀ ਬਣਵਾ ਲਈ। ਮੁਲਜ਼ਮ ਡਾਕਟਰ ਸੰਗੀਤਾ ਨੇ ਇਨ੍ਹਾਂ ਫਰਜ਼ੀ ਦਸਤਾਵੇਜ਼ਾਂ ਨੂੰ ਜਲੰਧਰ ਸੈਸ਼ਨ ਕੋਰਟ ਵਿੱਚ ਲਾ ਕੇ ਆਪਣੇ ਪਿਤਾ ਦੀ ਜਾਇਦਾਦ 'ਚ ਆਪਣਾ ਦਾਅਵਾ ਪੇਸ਼ ਕੀਤਾ ਹੈ। ਇਸ ਸ਼ਿਕਾਇਤ ਦੀ ਜਾਂਚ ਏ ਸੀ ਪੀ ਹੈਡਕੁਆਰਟਰ ਬਿਮਲ ਕਾਂਤ ਨੇ ਕੀਤੀ ਤੇ ਦੋਸੀਆਂ ਦੇ ਖਿਲਾਫ ਦੋਸ਼ ਸਹੀ ਪਾਏ। ਇਸ ਪਿੱਛੋਂ ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਉਨ੍ਹਾਂ ਦੋਵੇਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਦੋਵੇਂ ਮੁਲਜ਼ਮਾਂ ਨੂੰ ਪੁਲਸ ਨੇ ਹਾਲੇ ਗ੍ਰਿਫਤਾਰ ਨਹੀਂ ਕੀਤਾ।

## ਕੇਂਦਰੀ ਬਜਟ ਨਾਲ ਪੰਜਾਬ ਦੀਆਂ ਆਸਾਂ ਨੂੰ ਝਟਕਾ

* ਤਿੰਨ ਮੰਤਰੀਆਂ ਦੇ ਹੁੰਦਿਆਂ ਪੰਜਾਬ ਦਾ ਪੱਲਾ ਖਾਲੀ ਰਿਹਾ




ਚੰਡੀਗੜ੍ਹ, 2 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੇ ਬਜਟ ਵਿਚ ਪੈਕੇਜ ਦੀ ਆਸ ਰੱਖਦੇ ਪੰਜਾਬ ਨੂੰ ਇਸ ਵਾਰ ਵੀ ਨਿਰਾਸ਼ ਹੋਣਾ ਪਿਆ ਹੈ। ਕੇਂਦਰ ਵਿਚ ਪੰਜਾਬ ਦੇ ਤਿੰਨ ਮੰਤਰੀ ਹੋਣ ਦੇ ਬਾਵਜੂਦ ਪੰਜਾਬ ਦੇ ਪੱਲੇ ਕੁਝ ਨਹੀਂ ਪੈ ਸਕਿਆ। ਇਨ੍ਹਾਂ ਤਿੰਨ ਜਣਿਆਂ ਵਿਚ ਅਕਾਲੀ ਦਲ ਦੀ ਬੀਬੀ ਹਰਸਿਮਰਤ ਕੌਰ ਬਾਦਲ, ਭਾਜਪਾ ਦੇ ਸੋਮ ਪ੍ਰਕਾਸ਼ ਤੋਂ ਬਿਨਾਂ ਹਰਦੀਪ ਸਿੰਘ ਪੁਰੀ ਸ਼ਾਮਲ ਹਨ। ਹਰਦੀਪ ਸਿੰਘ ਪੁਰੀ ਭਾਵੇਂ ਪੰਜਾਬ ਤੋਂ ਚੁਣੇ ਹੋਏ ਨਹੀਂ, ਪਰ ਅੰਮ੍ਰਿਤਸਰ ਤੋਂ ਚੋਣ ਲੜੀ ਹੋਣ ਕਾਰਨ ਉਨ੍ਹਾਂ ਤੋਂ ਵੀ ਆਸ ਰੱਖੀ ਜਾ ਰਹੀ ਸੀ।

ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਰੰਜ ਹੈ ਕਿ ਇਨ੍ਹਾਂ ਤਿੰਨਾਂ ਦੇ ਕੇਂਦਰ ਸਰਕਾਰ ਵਿੱਚ ਹੋਣ ਦੇ ਬਾਵਜੂਦ ਨਾ ਕੋਈ ਵਿਸ਼ੇਸ਼ ਪੈਕੇਜ ਪੰਜਾਬ ਨੂੰ ਮਿਲਿਆ ਤੇ ਨਾ ਸਰਹੱਦੀ ਸੂਬਾ ਹੋਣ ਕਾਰਨ ਕੁਝ ਦਿੱਤਾ ਗਿਆ। ਇਸ ਨੂੰ ਕੁਦਰਤੀ ਆਫ਼ਤ ਦੇ ਨੁਕਸਾਨ ਬਦਲੇ ਵੀ ਕੁਝ ਨਹੀਂ ਮਿਲਿਆ। ਪੰਜਾਬ ਦੀ ਇੰਡਸਟਰੀ ਬਾਰੇ ਵੀ ਬਜਟ ਦਾ ਖਾਤਾ ਖਾਲੀ ਰਿਹਾ ਹੈ, ਜਦ ਕਿ ਪੰਜਾਬ ਨੂੰ ਹਿਮਾਚਲ ਪ੍ਰਦੇਸ਼ ਵਾਂਗ ਰਿਆਇਤਾਂ ਦੀ ਉਮੀਦ ਸੀ।

ਇਸ ਕੇਂਦਰੀ ਬਜਟ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਸ ਨਾਲ ਮੋਦੀ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਇਕ ਵਾਰ ਫਿਰ ਜ਼ਾਹਰ ਹੋ ਗਿਆ ਹੈ। ਉਨ੍ਹਾਂ ਪੁੱਛਿਆ ਕਿ ਜਦ ਬਜਟ ਬਣ ਰਿਹਾ ਸੀ, ਉਸ ਸਮੇਂ ਪੰਜਾਬ ਨਾਲ ਸਬੰਧਤ ਮੰਤਰੀਆਂ ਨੇ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਈ? ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਮੰਗ ਕੀਤੇ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਗੁਰ-ਪੁਰਬ ਲਈ ਵੀ ਰਕਮ ਦਾ ਕੋਈ ਪ੍ਰਬੰਧ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਦੇ ਵਕਤ ਵੀ ਕੇਂਦਰ ਸਰਕਾਰ ਨੇ ਪੰਜਾਬ ਦੀ ਕੋਈ ਮਦਦ ਨਹੀਂ ਕੀਤੀ ਸੀ। ਜਾਖੜ ਨੇ ਕਿਹਾ ਕਿ ਬਜਟ ਵਿਚ ਪੰਜਾਬ ਦੀ ਅਣਦੇਖੀ ਹੋਣ ਵੇਲੇ ਪੰਜਾਬ ਦੇ ਤਿੰਨ ਕੇਂਦਰੀ ਮੰਤਰੀਆਂ ਦੀ ਚੁੱਪ ਉਨ੍ਹਾਂ ਦੇ ਪੰਜਾਬ ਪ੍ਰਤੀ ਵਿਹਾਰ ਨੂੰ ਵੀ ਜ਼ਾਹਰ ਕਰਦੀ ਹੈ।

## ਬਲਾਤਕਾਰ ਪੀੜਤ ਦੋ ਸਕੀਆਂ ਭੈਣਾਂ ਦੇ ਪਿਤਾ ਵੱਲੋਂ ਖੁਦਕੁਸ਼ੀ



ਸੰਗਤ ਮੰਡੀ, 2 ਫਰਵਰੀ (ਪੋਸਟ ਬਿਊਰੋ)- ਬਠਿੰਡਾ ਜ਼ਿਲੇ ਦੇ ਪਿੰਡ ਭਗਵਾਨਗੜ੍ਹ ਦੀਆਂ ਨਾਬਾਲਗ ਦੋ ਸਕੀਆਂ ਭੈਣਾਂ ਨਾਲ ਬਲਾਤਕਾਰ ਦੀ ਘਟਨਾ ਵਾਪਰਨ ਤੋਂ ਬਾਅਦ ਉਨ੍ਹਾਂ ਦੇ ਪਿਤਾ ਨੇ ਖੁਦਕੁਸ਼ੀ ਕਰ ਲਈ ਹੈ।

ਪਤਾ ਲੱਗਾ ਹੈ ਕਿ ਕਿ ਪੀੜਤ ਲੜਕੀਆਂ ਦੇ ਪਿਤਾ 'ਤੇ ਕੁਝ ਲੋਕ ਰਾਜ਼ੀਨਾਮੇ ਲਈ ਦਬਾਅ ਪਾ ਰਹੇ ਸਨ। ਇਸ ਕਾਰਨ ਉਹ ਮਾਨਸਿਕ ਪ੍ਰੇਸ਼ਾਨੀ 'ਚੋਂ ਗੁਜ਼ਰ ਰਿਹਾ ਸੀ ਅਤੇ ਉਸ ਨੇ ਬਠਿੰਡਾ-ਸਿਰਸਾ ਰੇਲਵੇ ਲਾਈਨ 'ਤੇ ਰੇਲ ਗੱਡੀ ਥੱਲੇ ਆ ਕੇ ਖੁਦਕੁਸ਼ੀ ਕਰ ਲਈ। ਪਿੰਡ ਤਿਉਣਾ ਦਾ ਵਸਨੀਕ ਪਰਵਾਰ ਪਿੰਡ ਭਗਵਾਨਗੜ੍ਹ ਵਿਖੇ ਨਰਮੇ ਦੀ ਚੁਕਾਈ ਕਰਨ ਦੇ ਲਈ ਠਹਿਰਿਆ ਸੀ ਜਿੱਥੇ ਉਸ ਦੋ ਲੜਕਿਆਂ ਨੇ ਪੀੜਤ ਨਾਬਾਲਗ ਲੜਕੀਆਂ ਨਾਲ ਜਾਣ ਪਛਾਣ ਕਰ ਲਈ। ਇੱਕ ਦਿਨ ਲੜਕੀਆਂ ਦੇ ਪਿਤਾ ਨੇ ਲੜਕੀਆਂ ਤੋਂ ਫੋਨ ਫੜ ਕੇ ਉਨ੍ਹਾਂ ਦੀ ਝਾੜਝੰਬ ਕੀਤੀ ਤਾਂ ਝਾੜਝੰਬ ਤੋਂ ਦੁਖੀ ਲੜਕੀਆਂ ਗੁਆਂਢ 'ਚ ਰਹਿੰਦੇ ਲੜਕੇ ਦੇ ਘਰ ਚਲੀਆਂ ਗਈਆਂ। ਉਸ ਲੜਕੇ ਨੇ ਲੜਕੀਆਂ ਨੂੰ ਪਿੰਡ ਤਿਉਣਾ ਵਿਖੇ ਭੇਜਣ ਦਾ ਭਰੋਸਾ ਦਿੱਤਾ। ਜਦੋਂ ਉਹ ਲੜਕੀਆਂ ਪਿੰਡ ਤਿਉਣਾ ਵਿਖੇ ਠਹਿਰਨ ਦੀ ਖਬਰ ਪੁਲਸ ਨੂੰ ਮਿਲੀ ਤਾਂ ਪੁਲਸ ਨੇ ਪਿੰਡ ਤਿਉਣਾ ਤੋਂ ਲੜਕੀਆਂ ਨੂੰ ਬਰਾਮਦ ਕਰ ਕੇ ਉਨ੍ਹਾਂ ਦੇ ਵਾਰਸਾ ਦੇ ਹਵਾਲੇ ਕਰ ਦਿੱਤੀਆਂ। ਵਾਰਸਾਂ ਨੇ ਸੰਗਤ ਵਿਖੇ ਲੜਕੀਆਂ ਦੀ ਮੈਡੀਕਲ ਜਾਂਚ ਕਰਵਾਈ ਗਈ। ਇਸ ਕੇਸ ਬਾਰ ਥਾਣਾ ਸੰਗਤ ਦੇ ਮੁਖੀ ਗੌਰਵਬੰਸ ਸਿੰਘ ਦਾ ਕਹਿਣਾ ਸੀ ਕਿ ਇੰਸਪੈਕਟਰ ਜਸਵਿੰਦਰ ਕੌਰ ਇਨਵੈਸਟੀਗੇਸ਼ਨ ਵਿੰਗ ਬਠਿੰਡਾ ਵੱਲੋਂ ਕੀਤੀ ਜਾਂਚ ਪਿੱਛੋਂ ਪੀੜਤ ਲੜਕੀ, ਜਿਹੜੀ ਨੌਵੀਂ ਜਮਾਤ ਦੀ ਵਿਦਿਆਰਥਣ ਹੈ, ਦੇ ਬਿਆਨਾਂ ਉਤੇ ਅੰਮ੍ਰਿਤਪਾਲ ਸਿੰਘ ਪੁੱਤਰ ਮੰਗਾ ਸਿੰਘ ਅਤੇ ਮੰਗਾ ਸਿੰਘ ਪੁੱਤਰ ਜੰਟਾ ਸਿੰਘ ਵਾਸੀ ਤਿਉਣਾ ਥਾਣਾ ਸਦਰ ਬਠਿੰਡਾ, ਜਸਵਿੰਦਰ ਸਿੰਘ ਪੁੱਤਰ ਕੇਵਲ ਸਿੰਘ ਅਤੇ ਦਿਆਲ ਸਿੰਘ ਪੁੱਤਰ ਲੇਲਾ ਸਿੰਘ ਵਾਸੀ ਭਗਵਾਨਗੜ੍ਹ ਥਾਣਾ ਸੰਗਤ ਖਿਲਾਫ ਥਾਣਾ ਸੰਗਤ ਵਿਖੇ ਕੇਸ ਦਰਜ ਕਰ ਲਿਆ ਹੈ। ਪੁਲਸ ਮੁਤਾਬਕ ਵੱਡੀ ਲੜਕੀ ਨਾਲ ਦੋਸ਼ੀ ਅੰਮ੍ਰਿਤਪਾਲ ਸਿੰਘ ਅਤੇ ਛੋਟੀ ਨਾਲ ਦੋਸ਼ੀ ਜਸਵਿੰਦਰ ਸਿੰਘ ਨੇ ਜ਼ਬਰਦਸਤੀ ਸਰੀਰਕ ਸੰਬੰਧ ਬਣਾਏ। ਥਾਣਾ ਸੰਗਤ ਦੀ ਪੁਲਸ ਵੱਲੋਂ ਉਕਤ ਦੋਸ਼ੀ ਵਿਅਕਤੀਆਂ ਦੀ ਗ੍ਰਿਫਤਾਰੀ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ।

## 1000 ਕਰੋੜ ਦੀ ਹੈਰੋਇਨ ਫੜ੍ਹੀ ਜਾਣ ਪਿੱਛੋਂ ਅਮਰਿੰਦਰ ਸਿੰਘ ਨੇ ਅਫਸਰਾਂ ਦੀ ਪਿੱਠ ਥਾਪੜੀ



ਪੁਲਸ ਮੁਲਾਜ਼ਮ ਫੜ੍ਹੀ ਗਈ ਹੈਰੋਇਨ ਦਿਖਾਉਂਦਾ ਹੋਇਆ।

ਚੰਡੀਗੜ੍ਹ, 2 ਫਰਵਰੀ, (ਪੋਸਟ ਬਿਊਰੋ)- ਅੰਮ੍ਰਿਤਸਰ ਤੋਂ ਕਰੀਬ ਇੱਕ ਹਜ਼ਾਰ ਕਰੋੜ ਰੁਪਏ ਦੀ ਹੈਰੋਇਨ ਫੜੇ ਜਾਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦੀ ਪਿੱਠ ਥਾਪੜੀ ਅਤੇ ਇਸ ਦੀਆਂ ਪ੍ਰਾਪਤੀਆਂ ਗਿਣਾਉਂਦੇ ਹੋਏ ਕਿਹਾ ਕਿ ਐੱਸ ਟੀ ਐੱਫ ਬਣਾਏ ਜਾਣ ਮਗਰੋਂ ਇਸ ਨੇ ਲਗਭਗ 11000 ਨਸ਼ਾ ਤਸਕਰਾਂ ਨੂੰ ਫੜਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਸਖਤੀ ਵਰਤਦੇ ਹੋਏ ਕਰੀਬ 44500 ਲੋਕਾਂ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਵਿਚ ਫੜਿਆ ਤੇ ਇਨ੍ਹਾਂ ਵਿਚੋਂ 35500 ਦੇ ਖਿਲਾਫ ਕੇਸ ਦਰਜ ਕੀਤੇ ਹਨ।

ਕੈਪਟਨ ਅਮਰਿੰਦਰ ਸਿੰਘ ਦੇ ਦੱਸਣ ਮੁਤਾਬਕ ਅੱਜ ਅੰਮ੍ਰਿਤਸਰ ਤੋਂ ਫੜੀ ਗਈ 194 ਕਿੱਲੋ ਹੈਰੋਇਨ ਦੀ ਕੀਮਤ ਅੰਤਰਰਾਸ਼ਟਰੀ ਮਾਰਕੀਟ ਵਿੱਚ ਲਗਭਗ 1 ਹਜ਼ਾਰ ਕਰੋੜ ਰੁਪਏ ਹੋਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਫੜੀ ਗਈ ਹੈਰੋਇਨ ਗੁਜਰਾਤ ਵਿੱਚ ਬਰਾਮਦ ਹੋਈ ਹੈਰੋਇਨ ਦੇ ਨਾਲ ਦੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸਿਮਰਜੀਤ ਸਿੰਘ ਸੰਧੂ ਨਾਂਅ ਦਾ ਵਿਅਕਤੀ ਡਰਗ਼ ਦੇ ਧੰਦੇ ਦਾ ਕਿੰਗਪਿੰਨ ਹੈ, ਜਿਹੜਾ ਇਸ ਵੇਲੇ ਇਟਲੀ ਵਿਚ ਉਥੋਂ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਉਸ ਨੂੰ ਪੰਜਾਬ ਲਿਆਉਣ ਦੇ ਯਤਨ ਕਰਾਂਗੇ ਤਾਂ ਜੁ ਵੱਡੇ ਮਗਰਮੱਛ ਫੜ ਸਕੀਏ। ਇਸ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਅੰਮ੍ਰਿਤਸਰ ਦੇ ਜਿਸ ਘਰ ਤੋਂ ਇਹ ਹੈਰੋਇਨ ਦੀ ਵੱਡੀ ਖੇਪ ਮਿਲੀ ਹੈ, ਉਹ ਅਨਵਰ ਮਸੀਹ ਨਾਂ ਦੇ ਅਕਾਲੀ ਆਗੂ ਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਾਲੇ ਕੇਸ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸੰਬੰਧਤ ਹੋਵੇ। ਇਸ ਬਰਾਮਦਗੀ ਵੇਲੇ ਪੁਲਸ ਨੇ ਇਕ ਅਫਗਾਨੀ ਨਾਗਰਿਕ ਸਮੇਤ 6 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।



ਫੜ੍ਹੇ ਗਏ ਮੁਲਜ਼ਿਮ।

## ਜ਼ਮੀਨੀ ਵਿਵਾਦ ਪਿੱਛੇ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ

ਗਿੱਦੜਬਾਹਾ, 2 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਲੁੰਡੇਵਾਲਾ ਵਿਖੇ ਕੱਲ੍ਹ ਪਤੀ-ਪਤਨੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਜਸਵਿੰਦਰ ਸਿੰਘ ਪੱਤਰ ਹਰਨੇਕ ਸਿੰਘ ਦਾ ਜ਼ਮੀਨ ਦੀ ਤਕਸੀਮ ਬਾਰੇ ਸ਼ਰੀਕੇ 'ਚ ਕੋਈ ਪੁਰਾਣਾ ਝਗੜਾ ਸੀ, ਜੋ ਨਿੱਬੜ ਚੁੱਕਾ ਸੀ ਪਰ ਸ਼ਰੀਕੇ ਵਾਲੇ ਇਸ ਦੀ ਰੰਜਿਸ ਰੱਖਦੇ ਸਨ। ਕੱਲ੍ਹ ਜਦੋਂ ਜਸਵਿੰਦਰ ਸਿੰਘ ਅਤੇ ਉਸ ਦੀ ਪਤਨੀ ਜਸਪਾਲ ਕੌਰ ਆਪਣੇ ਖੇਤਾਂ ਵਿੱਚ ਨਵੇਂ ਬਣ ਰਹੇ ਮਕਾਨ ਦੀ ਉਸਾਰੀ ਵਿੱਚ ਲੱਗੇ ਮਜ਼ਦੂਰਾਂ ਵਾਸਤੇ ਚਾਹ ਲੈ ਕੇ ਰਹੇ ਸਨ ਤਾਂ ਜਸਵਿੰਦਰ ਸਿੰਘ ਦੇ ਚਚੇਰੇ ਭਰਾ ਰਾਜਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਅਤੇ ਉਸ ਦੇ ਪੁੱਤਰਾਂ ਨੇ ਉਨ੍ਹਾਂ ਨੂੰ ਘੇਰ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਦੇ ਰਿਸ਼ਤੇਦਾਰ ਬੇਅੰਤ ਸਿੰਘ ਨੇ ਦੱਸਿਆ ਕਿ ਜਸਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਤੇ ਉਸ ਦੀ ਪਤਨੀ ਜਸਪਾਲ ਕੌਰ ਜਦੋਂ ਬਚਾਅ ਲਈ ਜਦ ਆਪਣੇ ਖੇਤਾਂ ਨੂੰ ਭੱਜੀ ਤਾਂ ਉਨ੍ਹਾਂ ਜਸਪਾਲ ਕੌਰ ਨੂੰ ਵੀ ਪਿੱਛੋਂ ਗੋਲੀਆਂ ਮਾਰ ਕੇ ਮਾਰ ਦਿੱਤਾ। ਪੁਲਸ ਨੂੰ ਸੂਚਨਾ ਮਿਲਣ ਮਗਰੋਂ ਪੜਤਾਲ ਸ਼ੁਰੂ ਕਰਵਾਈ।

## ਸੀਨੀਅਰ ਕਾਂਗਰਸੀ ਆਗੂ ਜੁਗਰਾਜ ਸਿੰਘ ਗਿੱਲ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ

ਰਾਮਪੁਰਾ ਫੂਲ, 2 ਫਰਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਆਗੂ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜੁਗਰਾਜ ਸਿੰਘ ਗਿੱਲ ਦੀ ਭੇਦਭਰੀ ਹਾਲਾਤ ਵਿੱਚ ਗੋਲੀ ਲੱਗਣ ਨਾਲ ਮੌਤ ਹੋ ਗਈ ਹੈ।

ਪੁਲਸ ਸੂਤਰਾਂ ਅਨੁਸਾਰ ਮਾਨਸਿਕ ਪ੍ਰੇਸ਼ਾਨੀ ਕਾਰਨ ਜੁਗਰਾਜ ਸਿੰਘ ਗਿੱਲ ਸਾਬਕਾ ਸਰਪੰਚ ਗਿੱਲ ਕਲਾਂ ਨੇ ਆਪਣੀ ਰਾਮਪੁਰਾ ਫੂਲ ਬਾਈਪਾਸ ਵਾਲੀ ਕੋਠੀ ਵਿਖੇ ਲਾਇਸੰਸੀ ਬਾਰਾਂ ਬੋਰ ਬੰਦੂਕ ਤੋਂ ਗੋਲੀ ਮਾਰ ਲਈ। ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੀ ਚੇਅਰਮੈਨੀ ਬਾਰੇ ਸੁਰਖ਼ੀਆਂ 'ਚ ਰਹੇ ਕਾਂਗਰਸੀ ਆਗੂ ਜੁਗਰਾਜ ਸਿੰਘ ਉਰਫ਼ ਰਾਜਾ ਵੱਲੋਂ ਦੁਪਹਿਰ ਕਰੀਬ ਤਿੰਨ ਵਜੇ ਖ਼ੁਦਕੁਸ਼ੀ ਕੀਤੀ ਗਈ। ਘਟਨਾ ਸਮੇਂ ਜੁਗਰਾਜ ਸਿੰਘ ਦੀ ਪਤਨੀ ਮਹਿੰਦਰ ਕੌਰ, ਮੌਜੂਦਾ ਬਲਾਕ ਸੰਮਤੀ ਮੈਂਬਰ, ਘਰੇਲੂ ਕੰਮ ਲਈ ਆਪਣੇ ਜੱਦੀ ਪਿੰਡ ਗਿੱਲ ਕਲਾਂ ਗਈ ਹੋਈ ਸੀ ਤੇ ਉਸ ਦਾ ਛੋਟਾ ਲੜਕਾ ਤੇ ਨੂੰਹ ਦੂਜੀ ਕੋਠੀ ਵਿੱਚ ਸਨ ਅਤੇ ਓਦੋਂ ਘਰ ਵਿੱਚ ਸਿਰਫ ਨੌਕਰਾਣੀ ਕੰਮ ਕਰ ਰਹੀ ਸੀ। ਗੋਲੀ ਦੀ ਆਵਾਜ਼ ਸੁਣ ਕੇ ਨੌਕਰਾਣੀ ਨੇ ਕਮਰੇ ਅੰਦਰ ਜੁਗਰਾਜ ਸਿੰਘ ਨੂੰ ਡਿੱਗੇ ਪਏ ਦੇਖਿਆ ਅਤੇ ਉਸ ਨੇ ਬਚਾਅ ਲਈ ਬਾਹਰ ਨਿਕਲ ਕੇ ਰੌਲਾ ਪਾਇਆ। ਜ਼ਖ਼ਮੀ ਜੁਗਰਾਜ ਸਿੰਘ ਨੂੰ ਆਦੇਸ਼ ਹਸਪਤਾਲ ਭੁੱਚੋ ਮੰਡੀ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

ਵਰਨਣ ਯੋਗ ਹੈ ਕਿ ਕਰੀਬ ਤਿੰਨ ਸਾਲ ਪਹਿਲਾਂ ਜੁਗਰਾਜ ਸਿੰਘ ਦੇ ਵੱਡੇ ਲੜਕੇ ਮਾਣਾ ਗਿੱਲ ਨੇ ਬੁਢਲਾਡਾ ਨੇੜੇ ਪਿੰਡ ਸ਼ੇਰ ਖਾਂ ਵਿਖੇ ਆਪਣੇ ਫਾਰਮ ਹਾਊਸ 'ਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਮ੍ਰਿਤਕ ਜੁਗਰਾਜ ਸਿੰਘ ਗਿੱਲ ਇਸ ਵਾਰ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੀ ਚੇਅਰਮੈਨੀ ਦਾ ਠੋਸ ਦਾਅਵੇਦਾਰ ਵੀ ਸੀ ਪਰ ਸਿਆਸੀ ਗਿਣਤੀ ਮਿਣਤੀ ਉਨ੍ਹਾਂ ਦੇ ਪੱਖ 'ਚ ਨਾ ਹੋਣ ਕਾਰਨ ਉਹ ਇਸ ਅਹੁਦੇ ਤੋਂ ਵਾਂਝੇ ਰਹਿ ਗਏ ਸਨ।

## ਦੋ ਭੈਣਾਂ ਦੇ ਇਕਲੌਤੇ ਭਰਾ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

ਕਿਸ਼ਨਗੜ੍ਹ, 2 ਫਰਵਰੀ (ਪੋਸਟ ਬਿਊਰੋ)- ਥਾਣਾ ਕਰਤਾਰਪੁਰ ਦੀ ਚੌਕੀ ਕਿਸ਼ਨਗੜ੍ਹ ਦੇ ਪਿੰਡ ਰਹੀਮਪੁਰ ਵਿੱਚ ਕੱਲ੍ਹ ਸ਼ਾਮ ਇੱਕ ਖੁਸ਼ਹਾਲ ਪਰਵਾਰ ਵਿੱਚੋਂ ਦੋ ਭੈਣਾਂ ਦੇ ਇਕਲੌਤੇ ਅਤੇ ਕੁਆਰੇ ਭਰਾ ਨੇ ਭੇਤਭਰੇ ਹਾਲਾਤ ਵਿੱਚ ਆਪਣੇ ਘਰ ਦੀ ਦੂਸਰੀ ਮੰਜ਼ਿਲ ਉੱਤੇ ਜਾ ਕੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਹੈ ਕਿ ਕ੍ਰਿਤਪਾਲ ਸਿੰਘ ਟਿਵਾਣਾ (ਤੀਹ ਸਾਲ) ਵਾਸੀ ਪਿੰਡ ਰਹੀਮਪੁਰ ਆਪਣੇ ਖੇਤ ਵਾਹ ਕੇ ਘਰ ਆਇਆ ਅਤੇ ਆਪਣੀ ਕੋਠੀ ਦੀ ਦੂਸਰੀ ਮੰਜ਼ਿਲ 'ਤੇ ਚਲਾ ਗਿਆ। ਜਦ ਉਹ ਕਾਫੀ ਦੇਰ ਹੇਠਾਂ ਨਹੀਂ ਆਇਆ ਤਾਂ ਉਸ ਦੀ ਭਰਜਾਈ ਨੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਕ੍ਰਿਤਪਾਲ ਸਿੰਘ ਖੂਨ ਨਾਲ ਲਥਪਥ ਪਿਆ ਸੀ। ਇਸ ਦੀ ਸੂਚਨਾ ਉਸ ਦੀ ਭਰਜਾਈ ਨੇ ਆਪਣੇ ਪਤੀ ਨੂੰ ਦਿੱਤੀ, ਜੋ ਘਰੋਂ ਬਾਹਰ ਗਿਆ ਹੋਇਆ ਸੀ। ਸੂਚਨਾ ਮਿਲਣ 'ਤੇ ਪਰਵਾਰਕ ਮੈਂਬਰਾਂ ਨੇ ਇਲਾਜ ਲਈ ਜਲੰਧਰ ਦੇ ਇੱਕ ਨਿੰਜੀ ਹਸਪਤਾਲ ਲਿਆਂਦਾ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

## ਅੰਮ੍ਰਿਤਸਰ ਡਰੱਗ ਫੈਕਟਰੀ ਕੇਸ ਵਿਚ ਬੈਂਸ ਨੇ ਮਜੀਠੀਆ ਤੇ ਡਰੱਗ ਤਸਕਰ ਅਨਵਰ ਦੀਆਂ ਫੋਟੋਆਂ ਜਾਰੀ ਕੀਤੀਆਂ





ਲੁਧਿਆਣਾ, 2 ਫਰਵਰੀ, (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਅੱਜ ਅੰਮ੍ਰਿਤਸਰ ਦੇ ਡਰੱਗ ਤਸਕਰ ਅਨਵਰ ਮਸੀਹ ਤੇ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਫੋਟੋ ਜਨਤਕ ਕੀਤੀਆਂ ਹਨ। ਅਨਵਰ ਮਸੀਹ ਦੀ ਅੰਮ੍ਰਿਤਸਰ ਵਿਚਲੀ ਕਿਰਾਏ ਉੱਤੇ ਦਿੱਤੀ ਕੋਠੀ ਵਿੱਚੋਂ ਇਕ ਹਜ਼ਾਰ ਕਰੋੜ ਰੁਪਏ ਦੀ ਡਰੱਗ ਬਰਾਮਦ ਹੋਈ ਹੈ।

ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬੈਂਸ ਨੇ ਕਿਹਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵਿਸ਼ੇਸ਼ ਟਾਸਕ ਫੋਰਸ (ਐੱਸ ਟੀ ਐੱਫ) ਬਣਾਈ ਤਾਂ ਲੋਕਾਂ ਨੂੰ ਆਸ ਬੱਝੀ ਸੀ ਕਿ ਪੰਜਾਬ ਵਿਚ ਚਿੱਟੇ ਦਾ ਧੰਦਾ ਰੋਕ ਲਿਆ ਜਾਵੇਗਾ, ਪਰ ਐੱਸ ਟੀ ਐੱਫ ਰਿਪੋਰਟ ਵਿੱਚ ਬਿਕਰਮ ਸਿੰਘ ਮਜੀਠੀਆ ਦਾ ਨਾਮ ਆਉਣ ਦੇ ਬਾਵਜੂਦ ਮੁੱਖ ਮੰਤਰੀ ਨੇ ਚੁੱਪ ਵੱਟੀ ਰੱਖੀ ਤੇ ਉਸ ਦੇ ਖਿਲਾਫ ਕਾਰਵਾਈ ਨਹੀਂ ਹੋਈ। ਬਿਕਰਮ ਸਿੰਘ ਮਜੀਠੀਆ ਤੇ ਅਨਵਰ ਮਸੀਹ ਦੀਆਂ ਫੋਟੋ ਜਾਰੀ ਕਰਦੇ ਹੋਏ ਬੈਂਸ ਨੇ ਕਿਹਾ ਕਿ ਇਨ੍ਹਾਂ ਦੋਵਾਂ ਦੇ ਨੇੜਲੇ ਤੇ ਪਰਿਵਾਰਕ ਸੰਬੰਧ ਹਨ ਅਤੇ ਇਹ ਨੇੜਤਾ ਸਾਬਤ ਕਰਦੀ ਹੈ ਕਿ ਚਿੱਟਾ ਵੇਚਣ ਵਾਲੇ ਵੱਡੇ ਲੋਕ ਇਕ-ਮਿੱਕ ਹਨ। ਬੈਂਸ ਨੇ ਕਿਹਾ ਕਿ ਇਕ ਜਗ੍ਹਾ ਨਹੀਂ, ਕਈ ਥਾਂ ਮਜੀਠੀਆ ਅਤੇ ਅਨਵਰ ਮਸੀਹ ਇਕੱਠੇ ਨਜ਼ਰ ਆ ਚੁੱਕੇ ਹਨ, ਜਿਸ ਦੀਆਂ ਸੈਂਕੜੇ ਫੋਟੋ ਮੌਜੂਦ ਹਨ। ਅਨਵਰ ਮਸੀਹ ਦੀ ਫੇਸਬੁੱਕ ਆਈ ਡੀ ਵਿਚ ਬਿਕਰਮ ਸਿੰਘ ਮਜੀਠੀਆ ਨਾਲ ਕਈ ਫੋਟੋ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਡਰੱਗ ਰੈਕੇਟ ਦਾ ਭੇਦ ਖੁੱਲ੍ਹਣ ਪਿੱਛੋਂ ਸ਼ਨੀਵਾਰ ਸਵੇਰੇ 10 ਵਜੇ ਅਨਵਰ ਮਸੀਹ ਨੇ ਆਪਣੀ ਫੇਸਬੁਕ ਆਈ ਡੀ ਬੰਦ ਕਰ ਦਿੱਤੀ ਹੈ। ਬੈਂਸ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਅਨਵਰ ਮਸੀਹ ਦੀ ਫੋਟੋ ਪੇਸ਼ ਕੀਤੀ ਹੈ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਮਹਾਰਾਸ਼ਟਰ ਵਿੱਚ ਐੱਨ ਆਰ ਸੀ ਲਾਗੂ ਨਹੀਂ ਕੀਤਾ ਜਾਵੇਗਾ: ਊਧਵ ਠਾਕਰੇ



ਮੁੰਬਈ, 2 ਫਰਵਰੀ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਐਲਾਨ ਕੀਤਾ ਹੈ ਕਿ ਉਹ ਇਸ ਰਾਜ ਵਿਚ ਐੱਨ ਆਰ ਸੀ (ਕੌਮੀ ਸਿਟੀਜ਼ਨ ਰਜਿਸਟਰ) ਲਾਗੂ ਨਹੀਂ ਕਰਨਗੇ, ਕਿਉਂਕਿ ਇਸ ਨਾਲ ਨਾਗਰਿਕਤਾ ਸਾਬਤ ਕਰਨਾ ਔਖਾ ਹੋ ਜਾਵੇਗਾ, ਪਰ ਉਨ੍ਹਾਂ ਨੇ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਦਾ ਸਮੱਰਥਨ ਕੀਤਾ ਹੈ।

ਵਰਨਣ ਯੋਗ ਹੈ ਕਿ ਮਹਾਰਾਸ਼ਟਰ ਵਿਚ ਇਸ ਵੇਲੇ ਸ਼ਿਵ ਸੈਨਾ, ਐੱਨ ਸੀ ਪੀ ਅਤੇ ਕਾਂਗਰਸ ਦੀ ਸਾਂਝੀ ਸਰਕਾਰ ਚੱਲ ਰਹੀ ਹੈ। ਅੱਜ ਸ਼ਿਵ ਸੈਨਾ ਦੇ ਅਖਬਾਰ 'ਸਾਮਨਾ' ਵਿਚ ਮੁੱਖ ਮੰਤਰੀ ਉਧਵ ਠਾਕਰੇ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਸਹੀ ਠਹਿਰਾਉਂਦੇ ਹੋਏ ਕਿਹਾ ਕਿ 'ਇਹ ਕਾਨੂੰਨ ਕਿਸੇ ਦੀ ਨਾਗਰਿਕਤਾ ਖੋਹੇਗਾ ਨਹੀਂ, ਸਗੋਂ ਨਾਗਰਿਕਤਾ ਦੇਵੇਗਾ, ਪਰ ਐੱਨ ਆਰ ਸੀ ਲਾਗੂ ਕੀਤਾ ਗਿਆ ਤਾਂ ਹਿੰਦੂ ਅਤੇ ਮੁਸਲਮਾਨਾ ਦੋਵਾਂ ਨੂੰ ਆਪਣੀ ਨਾਗਰਿਕਤਾ ਸਾਬਤ ਕਰਨਾ ਮੁਸ਼ਕਿਲ ਹੋ ਜਾਵੇਗਾ। ਮੈ ਅਜਿਹਾ ਨਹੀਂ ਹੋਣ ਦੇਵਾਂਗਾ'।

ਜਦੋਂ ਨਰਿੰਦਰ ਮੋਦੀ ਸਰਕਾਰ ਨੇ ਲੋਕ ਸਭਾ ਵਿਚ ਨਾਗਰਿਕਤਾ ਸੋਧ ਬਿੱਲ ਪੇਸ਼ ਕੀਤਾ ਸੀ ਤਾਂ ਸ਼ਿਵ ਸੈਨਾ ਨੇ ਉਸ ਦਾ ਸਮੱਰਥਨ ਕੀਤਾ ਸੀ, ਪਰ ਰਾਜ ਸਭਾ ਵਿਚ ਇਸ ਦੇ ਪੇਸ਼ ਹੋਣ ਉੱਤੇ ਸ਼ਿਵ ਸੈਨਾ ਵਾਕ ਆਊਟ ਕਰ ਗਈ ਸੀ, ਜਿਸ ਦੇ ਬਾਅਦ ਇਹ ਬਿੱਲ ਦੋਵੇ ਸਦਨਾਂ ਤੋਂ ਪਾਸ ਹੋ ਗਿਆ ਤੇ ਰਾਸ਼ਟਰਪਤੀ ਦੇ ਦਸਖ਼ਤਾਂ ਨਾਲ ਇਹ ਕਾਨੂੰਨ ਬਣ ਗਿਆ ਸੀ। ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਸੀ ਏ ਏ ਅਤੇ ਇਸ ਦੇ ਬਾਅਦ ਐੱਨ ਆਰ ਸੀ ਵਿਰੁੱਧ ਦੇਸ਼ ਵਿਚ ਲਗਾਤਾਰ ਰੋਸ ਪ੍ਰਦਰਸ਼ਨ ਹੋ ਰਹੇ ਹਨ। ਦਿੱਲੀ ਦੇ ਸ਼ਾਹੀਨ ਬਾਗ ਵਿਚ ਇਸ ਦੇ ਵਿਰੋਧ ਪ੍ਰਦਰਸ਼ਨ ਨੂੰ ਡੇਢ ਮਹੀਨੇ ਦਾ ਸਮਾਂ ਹੋ ਚੁੱਕਾ ਹੈ, ਜਿਸ ਦੀ ਅਗਵਾਈ ਮੁਸਲਿਮ ਔਰਤਾਂ ਕਰ ਰਹੀਆਂ ਹਨ। ਐੱਨ ਆਰ ਸੀ ਅਤੇ ਸੀ ਏ ਏ ਵਿਰੁੱਧ ਕਈ ਵਿਰੋਧੀ ਧਿਰਾਂ ਸਟੈਂਡ ਲੈ ਰਹੀਆਂ ਹਨ ਤੇ ਕੁਝ ਗੈਰ-ਭਾਜਪਾ ਸਰਕਾਰਾਂ ਨੇ ਸੀ ਏ ਏ ਨੂੰ ਆਪਣੇ ਰਾਜ ਵਿਚ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕਾਂਗਰਸ ਵਾਲੇ ਰਾਜਾਂ ਦੀਆਂ ਅਸੈਂਬਲੀਆਂ ਨੇ ਇਸ ਕਾਨੂੰਨ ਵਿਰੁੱਧ ਮਤੇ ਵੀ ਪਾਸ ਕੀਤੇ ਹਨ। ਕੇਰਲ ਸਰਕਾਰ ਇਸ ਬਿੱਲ ਨੂੰ ਗੈਰ-ਸੰਵਿਧਾਨਕ ਦੱਸਦੇ ਹੋਏ ਸੁਪਰੀਮ ਕੋਰਟ ਪਹੁੰਚ ਗਈ ਅਤੇ ਕਾਂਗਰਸੀ ਸਰਕਾਰਾਂ ਨੇ ਵੀ ਇਸ ਦੇ ਵਿਰੁੱਧ ਸੁਪਰੀਮ ਕੋਰਟ ਜਾਣ ਦੀ ਗੱਲ ਕਹੀ ਹੈ।

# ਭਾਰਤ ਸਰਕਾਰ ਦਾ ਬਜਟ ਪੇਸ਼, ਪੰਜ ਲੱਖ ਤੱਕ ਟੈਕਸ ਮੁਆਫ

### * ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ, ਬੈਂਕ ਡਿਪਾਜ਼ਿਟ ਗਾਰੰਟੀ ਵਿੱਚ ਵਾਧਾ ਕੀਤਾ ਗਿਆ



ਨਵੀਂ ਦਿੱਲੀ, 2 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਨਰਿੰਦਰ ਮੋਦੀ ਸਰਕਾਰ ਦੇ ਦੂਸਰੇ ਦੌਰ ਦਾ ਦੂਸਰਾ ਬਜਟ ਅੱਜ ਲੋਕ ਸਭਾ ਵਿੱਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਹ ਬਜਟ ਆਮ ਆਦਮੀ ਦੀ ਆਮਦਨ ਯਕੀਨੀ ਬਣਾਉਣ ਅਤੇ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਧਾਉਣ ਵਾਲਾ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੱਸਿਆ ਕਿ ਇਸ ਵਾਰੀ ਬੱਜਟ ਵਿੱਚ ਟੈਕਸ ਸਲੈਬ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਪੰਜ ਲੱਖ ਰੁਪਏ ਤੱਕ ਆਮਦਨੀ ਦਾ ਕੋਈ ਟੈਕਸ ਨਹੀਂ ਹੋਵੇਗਾ, ਪਰ ਪੰਜ ਲੱਖ ਤੋਂ ਸਾਢੇ ਸੱਤ ਲੱਖ ਤਕ ਆਮਦਨੀ ਉੱਤੇ 10 ਫ਼ੀਸਦੀ ਟੈਕਸ ਦੇਣਾ ਪਵੇਗਾ, ਇਹ ਪਹਿਲਾਂ 20 ਫ਼ੀਸਦੀ ਸੀ। ਸਾਢੇ ਸੱਤ ਤੋਂ 10 ਲੱਖ ਤਕ ਆਮਦਨ ਉੱਤੇ 15 ਫ਼ੀਸਦੀ ਟੈਕਸ ਦੇਣਾ ਪਵੇਗਾ, ਇਹ ਪਹਿਲਾਂ 20 ਫ਼ੀਸਦੀ ਸੀ। 10 ਲੱਖ ਤੋਂ ਸਾਢੇ 12 ਲੱਖ ਤਕ ਆਮਦਨੀ ਉੱਤੇ 20 ਫ਼ੀਸਦੀ ਟੈਕਸ ਲੱਗੇਗਾ, ਜਿਹੜਾ ਪਹਿਲਾਂ 30 ਫ਼ੀਸਦੀ ਹੁੰਦਾ ਸੀ। ਸਾਢੇ 12 ਲੱਖ ਤੋਂ 15 ਲੱਖ ਤਕ 25 ਫ਼ੀਸਦੀ ਟੈਕਸ ਹੋਵੇਗਾ, ਇਹ ਪਹਿਲਾਂ 30 ਫ਼ੀਸਦੀ ਹੁੰਦਾ ਸੀ। 15 ਲੱਖ ਰੁਪਏ ਤੋਂ ਉੱਪਰ ਆਮਦਨ ਉੱਤੇ ਪਹਿਲਾਂ ਵਾਂਗ 30 ਫ਼ੀਸਦੀ ਨਾਲ ਟੈਕਸ ਦੇਣਾ ਪਵੇਗਾ।

ਖਜ਼ਾਨਾ ਮੰਤਰੀ ਨੇ ਬੈਂਕਾਂ ਵਿੱਚ ਪਏ ਗਾਹਕਾਂ ਦੇ ਡਿਪਾਜ਼ਿਟ ਵਾਸਤੇ ਵੱਡਾ ਐਲਾਨ ਕੀਤਾ ਕਿ ਅੱਗੇ ਤੋਂ ਕਿਸੇ ਬੈਂਕ ਜਮ੍ਹਾਂ ਰਕਮਾਂ ਉੱਤੇ ਗਾਹਕਾਂ ਨੂੰ ਪੰਜ ਲੱਖ ਰੁਪਏ ਤਕ ਗਾਰੰਟੀ ਹੋਵੇਗੀ, ਭਾਵ ਕਿ ਬੈਂਕ ਦੇ ਡੁੱਬ ਜਾਣ ਉੱਤੇ ਵੀ ਲੋਕਾਂ ਦੇ ਪੰਜ ਲੱਖ ਰੁਪਏ ਤੱਕ ਬਿਲਕੁਲ ਸੁਰੱਖਿਅਤ ਰਹਿਣ-ਗੇ। ਬੈਂਕਾਂ ਵਿੱਚ ਪੈਸਾ ਜਮ੍ਹਾਂ ਕਰਵਾਉਣ ਵਾਲੇ ਲੋਕਾਂ ਲਈ ਇਸ ਪੈਸੇ ਦਾ ਇੰਸ਼ੋਰੈਂਸ ਕਵਰ ਪਹਿਲਾਂ ਇਕ ਲੱਖ ਰੁਪਏ ਸੀ, ਉਹ ਵਧਾ ਕੇ ਪੰਜ ਲੱਖ ਰੁਪਏ ਕੀਤਾ ਗਿਆ ਹੈ। ਬੈਂਕ ਦੇ ਡੁੱਬਣ ਉੱਤੇ ਵੀ ਗਾਹਕ ਦਾ ਪੂਰਾ ਪੈਸਾ ਨਹੀਂ ਮਾਰਿਆ ਜਾਵੇਗਾ, ਉਸ ਦੀ ਪੰਜ ਲੱਖ ਰੁਪਏ ਤਕ ਰਕਮ ਮੁੜ ਜਾਣ ਦੀ ਗਾਰੰਟੀ ਹੋਵੇਗੀ। ਪਿਛਲੇ ਸਾਲ ਸਤੰਬਰ ਵਿੱਚ ਪੰਜਾਬ ਐਂਡ ਮਹਾਰਾਸ਼ਟਰ ਬੈਂਕ (ਪੀ ਐੱਮ ਸੀ) ਦਾ ਕੰਮ ਬੰਦ ਹੋ ਜਾਣ ਦੌਰਾਨ ਗਾਹਕਾਂ ਦੀ ਜਮ੍ਹਾਂ ਰਕਮ ਦੇ ਡੁੱਬਣ ਦਾ ਖ਼ਤਰਾ ਬਣ ਗਿਆ ਸੀ, ਜਿਸ ਕਾਰਨ ਵਿਰੋਧ ਪ੍ਰਦਰਸ਼ਨ ਹੋਏ ਸਨ।

ਨਵੇਂ ਬੱਜਟ ਵਿੱਚ ਕੇਂਦਰੀ ਵਿੱਤ ਮੰਤਰੀ ਨੇ ਪਾਵਰ ਸੈਕਟਰ ਲਈ 22 ਹਜ਼ਾਰ ਕਰੋੜ ਰੁਪਏ ਅਲਾਟ ਕੀਤੇ ਅਤੇ ਦੱਸਿਆ ਹੈ ਕਿ ਸਾਰੇ ਦੇਸ਼ ਦੇ ਬਿਜਲੀ ਦੇ ਪੁਰਾਣੇ ਮੀਟਰਾਂ ਦੀ ਥਾਂ ਪ੍ਰੀਪੇਡ ਸਮਾਰਟ ਮੀਟਰ ਲਾਏ ਜਾਣਗੇ, ਜਿਨ੍ਹਾਂ ਵਿੱਚ ਮਰਜ਼ੀ ਦਾ ਰੇਟ ਅਤੇ ਪਸੰਦ ਦੀ ਬਿਜਲੀ ਕੰਪਨੀ ਨੂੰ ਚੁਣਨ ਦੀ ਆਪਸ਼ਨ ਹੋਵੇਗੀ।

ਕੇਂਦਰੀ ਵਿੱਤ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਸਾਲ 2022 ਤਕ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਦੇ ਟੀਚੇ ਲਈ ਵਚਨਬੱਧ ਹੈ ਤੇ ਇਸ ਨਿਸ਼ਾਨੇ ਲਈ 16 ਵੱਡੀਆਂ ਯੋਜਨਾਵਾਂ ਲਈ 2.83 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਜਿਸ ਵਿੱਚੋਂ ਖੇਤੀ ਤੇ ਸਿੰਜਾਈ ਲਈ 1.2 ਲੱਖ ਕਰੋੜ ਰੁਪਏ ਰਕਮ ਰੱਖੀ ਹੈ ਅਤੇ ਕੁਸੁਮ ਯੋਜਨਾ ਹੇਠ 20 ਲੱਖ ਕਿਸਾਨਾਂ ਨੂੰ ਸੋਲਰ ਪੰਪ ਲਾਉਣ ਵਿੱਚ ਆਰਥਿਕ ਮਦਦ ਦਿੱਤੀ ਜਾਵੇਗੀ। ਜਲ ਸੰਕਟ ਤੋਂ ਪ੍ਰਭਾਵਤ 100 ਜ਼ਿਲ੍ਹਿਆਂ ਦੀ ਯੋਜਨਾ ਹੇਠ 15 ਲੱਖ ਕਿਸਾਨਾਂ ਨੂੰ ਗ੍ਰਿਡ ਕਨੈਕਟਿਡ ਪੰਪਸੈੱਟ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 15 ਲੱਖ ਕਰੋੜ ਰੁਪਏ ਕਰਜ਼ਾ ਦੇਣ ਦੀ ਟੀਚਾ ਮਿਥਿਆ ਗਿਆ ਹੈ।

ਰੇਲਵੇ ਬਾਰੇ ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ 27 ਹਜ਼ਾਰ ਕਿਲੋਮੀਟਰ ਰੇਲ ਟ੍ਰੈਕ ਦਾ ਇਲੈਕਟ੍ਰੀਫਿਕੇਸ਼ਨ ਕਰੇਗੀ। ਉਨ੍ਹਾ ਦੱਸਿਆ ਕਿ 150 ਟ੍ਰੇਨਾਂ ਪਬਲਿਕ-ਪ੍ਰਾਈਵੇਟ ਭਾਈਵਾਲੀ ਨਾਲ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਸਿਹਤ ਖੇਤਰ ਲਈ 69 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਲਈ 6400 ਕਰੋੜ ਰੁਪਏ ਦੀ ਤਜਵੀਜ਼ ਹੈ। ਨਵੀਂ ਸਿੱਖਿਆ ਨੀਤੀ ਹੇਠ ਮਾਰਚ 2021 ਤਕ 150 ਉੱਚ ਪੱਧਰੀ ਸਿੱਖਿਆ ਸੰਸਥਾਵਾਂ ਚਲਾ ਕੇ ਕਿੱਤਾ-ਮੁਖੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਡਾਕਟਰਾਂ ਦੀ ਘਾਟ ਦੂਰ ਕਰਨ ਲਈ ਹਰ ਜ਼ਿਲ੍ਹਾ ਹਸਪਤਾਲ ਨਾਲ ਮੈਡੀਕਲ ਕਾਲਜ ਬਣੇਗਾ। ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ (ਐੱਲ ਆਈ ਸੀ) ਦਾ ਕੁਝ ਹਿੱਸਾ ਸਰਕਾਰ ਵੇਚ ਦੇਵੇਗੀ ਅਤੇ ਆਈ ਡੀ ਬੀ ਆਈ ਬੈਂਕ ਵਿੱਚੋਂ ਵੀ ਹਿੱਸੇਦਾਰੀ ਵੇਚੀ ਜਾਵੇਗੀ।

## ਨਾਗਰਿਕਤਾ ਸੋਧ ਕਾਨੂੰਨ ਵਿੱਚ ਅਸੀਂ ਕੁਝ ਵੀ ਗਲਤ ਨਹੀਂ ਕੀਤਾ, ਫਰੰਟ-ਫੁੱਟ ਉੱਤੇ ਰਹੋ ਸਾਰੇ ਗੱਠਜੋੜ: ਮੋਦੀ

### * ਅਕਾਲੀ ਦਲ ਨੇ ਕਿਹਾ: ਸਾਰੇ ਧਰਮਾਂ ਦਾ ਖ਼ਿਆਲ ਰੱਖੋ



ਨਵੀਂ ਦਿੱਲੀ, 2 ਫਰਵਰੀ (ਪੋਸਟ ਬਿਊਰੋ)- ਭਾਜਪਾ ਦੇ ਐੱਨ ਡੀ ਏ ਗੱਠਜੋੜ ਵਿੱਚ ਸ਼ਾਮਲ ਧਿਰਾਂ ਦੇ ਸਹਿਯੋਗੀਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਅਸੀਂ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਨਾਲ ਕੁਝ ਗਲਤ ਨਹੀਂ ਕੀਤਾ, ਗੱਠਜੋੜ ਦੇ ਸਾਰੇ ਸਹਿਯੋਗੀਆਂ ਨੂੰ ਇਸ ਉੱਤੇ ਡਟੇ ਰਹਿਣਾ ਚਾਹੀਦਾ ਹੈ। ਅੱਜ ਪਾਰਲੀਮੈਂਟ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਦੇ ਬਾਅਦ ਭਾਜਪਾ ਦੇ ਗੱਠਜੋੜ ਸਹਿਯੋਗੀਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪਸ਼ਟ ਕਿਹਾ ਕਿ 'ਇਸ ਮੁੱਦੇ ਉੱਤੇ ਬਚਅ ਦੇ ਪੈਂਤੜੇ ਉੱਤੇ ਜਾਣ ਦੀ ਜ਼ਰੂਰਤ ਨਹੀਂ, ਤੁਸੀਂ ਆਪਣਾ ਪੱਖ ਰੱਖੋ।' ਉਨ੍ਹਾਂ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਨੂੰ ਵਿਰੋਧੀ ਪਾਰਟੀਆਂ ਦੇ ਆਗੂ ਮੁਸਲਿਮ-ਵਿਰੋਧੀ ਕਹਿ ਕੇ ਗਲਤ ਪ੍ਰਚਾਰ ਕਰਦੇ ਹਨ, ਸੱਚ ਇਹ ਹੈ ਕਿ ਸਾਡੇ ਲਈ ਘੱਟ ਗਿਣਤੀ ਵਾਲੇ ਲੋਕ ਵੀ ਓਨੇ ਹੀ ਆਪਣੇ ਹਨ, ਜਿੰਨੇ ਇਸ ਦੇਸ਼ ਦੇ ਦੂਸਰੇ ਨਾਗਰਿਕ ਸਾਡੇ ਗੱਠਜੋੜ ਲਈ ਆਪਣੇ ਹਨ।

ਵਰਨਣ ਯੋਗ ਹੈ ਕਿ ਐੱਨ ਡੀ ਏ ਗੱਠਜੋੜ ਦੇ ਸਹਿਯੋਗੀ ਦਲਾਂ ਵਿੱਚੋਂ ਪਹਿਲਾਂ ਅਕਾਲੀ ਦਲ ਕੁਝ ਵਖਰੇਵਾਂ ਜ਼ਾਹਰ ਕਰਨ ਲੱਗ ਪਿਆ ਸੀ, ਪਰ ਇਸ ਵੇਲੇ ਅਕਾਲੀ ਦਲ ਸਣੇ ਸਭ ਸਹਿਯੋਗੀ ਪੂਰੀ ਤਰ੍ਹਾਂ ਭਾਜਪਾ ਦੇ ਨਾਲ ਹਨ। ਜਨਤਾ ਦਲ (ਯੂ) ਨੇ ਵੱਖਰੀ ਸੋਚ ਵਾਲੇ ਨੇਤਾਵਾਂ ਨੂੰ ਬਾਹਰ ਕੱਢ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਪਹਿਲਾਂ ਵੀ ਇਹ ਗੱਲ ਕਹਿ ਚੁਕੇ ਹਨ ਕਿ ਨਾਗਰਿਕਤਾ ਸੋਧ ਕਾਨੂੰਨ ਤੋਂ ਪਿੱਛੇ ਪੈਰ ਖਿੱਚਣ ਦਾ ਸਵਾਲ ਹੀ ਨਹੀਂ ਹੈ। ਸੁਪਰੀਮ ਕੋਰਟ ਨੇ ਵੀ ਇਸ ਉੱਤੇ ਹਾਲ ਦੀ ਘੜੀ ਰੋਕ ਲਾਉਣ ਤੋਂ ਮਨ੍ਹਾ ਕਰ ਦਿੱਤਾ ਸੀ।

ਅਕਾਲੀ ਦਲ ਅਜੇ ਵੀ ਨਾਗਰਿਕਤਾ ਸੋਧ ਕਾਨੂੰਨ ਵਿਚ ਕਿਸੇ ਖ਼ਾਸ ਧਰਮ ਨੂੰ ਵੱਖ ਕਰਨ ਦੀ ਬਜਾਏ ਸਾਰੇ ਧਰਮਾਂ ਨੂੰ ਬਰਾਬਰ ਰੱਖਣ ਦੇ ਪੱਖ ਵਿਚ ਹੈ। ਇਸ ਪਾਰਟੀ ਦੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ ਪਾਰਲੀਮੈਂਟ ਵਿਚ ਸਾਡੀ ਪਾਰਟੀ ਨੇ ਇਸ ਕਾਨੂੰਨ ਦੇ ਪੱਖ ਵਿਚ ਵੋਟ ਦਿੱਤੀ ਹੈ, ਪਰ ਸਾਡੀ ਰਾਏ ਹੈ ਕਿ ਕਿਸੇ ਧਾਰਮਿਕ ਭਾਈਚਾਰੇ ਖ਼ਿਲਾਫ਼ ਪੱਖਪਾਤ ਨਾ ਹੋਵੇ। ਉਨ੍ਹਾ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਲੀਮੈਂਟ ਵਿਚ ਕਿਹਾ ਵੀ ਸੀ ਕਿ ਇਸ ਕਾਨੂੰਨ ਦਾ ਲਾਭ ਮੁਸਲਮਾਨਾਂ ਸਮੇਤ ਸਾਰੇ ਧਰਮਾਂ ਦੇ ਲੋਕਾਂ ਨੂੰ ਇੱਕੋ ਜਿਹਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਠਜੋੜ ਧਰਮ ਦੇ ਕਾਰਨ ਅਕਾਲੀ ਦਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਪਣੇ ਉਮੀਦਵਾਰ ਖੜੇ ਨਹੀਂ ਕੀਤੇ, ਪਰ ਜਦੋਂ ਭਾਜਪਾ ਨੇ ਸਾਡੇ ਨਾਲ ਸੰਪਰਕ ਕੀਤਾ ਤਾਂ ਅਸੀਂ ਸਮਰਥਨ ਦਿੱਤਾ ਹੈ।

## ਵੂਹਾਨ ਵਿੱਚੋਂ 324 ਭਾਰਤੀ ਦੇਸ਼ ਲਿਆਂਦੇ ਗਏ



ਨਵੀਂ ਦਿੱਲੀ, 2 ਫਰਵਰੀ (ਪੋਸਟ ਬਿਊਰੋ)- ਕਰੋਨਾ ਵਾਇਰਸ ਮਹਾਂਮਾਰੀ ਦੀ ਮਾਰ ਹੇਠ ਆਏ ਚੀਨ ਦੇ ਸ਼ਹਿਰ ਵੂਹਾਨ ਵਿੱਚ ਫਸੇ 324 ਭਾਰਤੀਆਂ ਨੂੰ ਲੈ ਕੇ ਏਅਰ ਇੰਡੀਆ ਦਾ ਜੰਬੋ ਬੀ 747 ਜਹਾਜ਼ ਕੱਲ੍ਹ ਆ ਗਿਆ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਕੱਲ੍ਹ ਇਥੇ ਮੁੜੇ ਏਅਰ ਇੰਡੀਆ ਦੇ ਇਸ ਜਹਾਜ਼ ਵਿੱਚ ਸਵਾਰ 324 ਭਾਰਤੀਆਂ ਵਿੱਚ 211 ਵਿਦਿਆਰਥੀ, 110 ਕੰਮਕਾਜੀ ਪੇਸ਼ੇਵਰ ਅਤੇ ਤਿੰਨ ਨਾਬਾਲਗ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਪਿੱਛੋਂ ਬਾਅਦ ਦੁਪਹਿਰ ਏਅਰ ਇੰਡੀਆ ਦਾ ਇੱਕ ਹੋਰ ਜਹਾਜ਼ ਚੀਨੀ ਸ਼ਹਿਰ ਲਈ ਰਵਾਨਾ ਹੋ ਗਿਆ। ਇਸ ਜਹਾਜ਼ ਵਿੱਚ ਵੀ ਰਾਮ ਮਨੋਹਰ ਲੋਹੀਆ ਹਸਪਤਾਲ ਦੇ ਉਹੀ ਪੰਜ ਡਾਕਟਰ ਗਏ ਹਨ, ਜੋ ਪਹਿਲਾਂ ਇਥੇ ਪਹੁੰਚੇ ਜਹਾਜ਼ ਵਿੱਚ ਸਵਾਰ ਸਨ। ਏਅਰ ਇੰਡੀਆ ਦੇ ਜਹਾਜ਼ 'ਚ ਕੱਲ੍ਹ ਸਵੇਰੇ ਚੀਨ ਤੋਂ ਇਥੇ ਪਹੁੰਚੇ ਕੁੱਲ 324 ਭਾਰਤੀਆਂ ਦੀ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪਹਿਲੀ ਜਾਂਚ ਕੀਤੀ ਗਈ। ਇਸ ਜਾਂਚ ਵਿੱਚ ਸ਼ੱਕੀ ਪਾਏ ਗਏ 104 ਵਿਅਕਤੀਆਂ ਨੂੰ ਸੁਰੱਖਿਆ ਫੋਰਸ ਵੱਲੋਂ ਦੱਖਣ ਪੱਛਮੀ ਦਿੱਲੀ ਦੇ ਛਾਵਲਾ ਖੇਤਰ ਵਿੱਚ ਬਣਾਏ ਗਏ 600 ਬਿਸਤਰਿਆਂ ਦੇ ਵਿਸ਼ੇਸ਼ ਕੇਂਦਰ ਵਿੱਚ ਦਾਖਲ ਕਰਾਇਆ ਗਿਆ ਹੈ। ਇਥੇ ਦਾਖਲ ਕਰਵਾਏ ਗਏ ਵਿਅਕਤੀਆਂ 'ਚ 88 ਔਰਤਾਂ, 10 ਪੁਰਸ਼ ਤੇ ਛੇ ਬੱਚੇ ਸ਼ਾਮਲ ਹਨ, ਜਿਨ੍ਹਾਂ ਦੀ ਡਾਕਟਰਾਂ ਵੱਲੋਂ ਦੂਜੀ ਵਾਰ ਜਾਂਚ ਕੀਤੀ ਜਾ ਰਹੀ ਹੈ।

## 104 ਸਾਲ ਦੀ ਉਮਰ ਵਿੱਚ ਆਪਰੇਸ਼ਨ ਪਿੱਛੋਂ ਪੰਜਵੇਂ ਦਿਨ ਕਿਸਾਨ ਖੇਤ ਕੰਮ ਆ ਗਿਆ



ਕੋਇੰਬਟੂਰ, 2 ਫਰਵਰੀ (ਪੋਸਟ ਬਿਊਰੋ)- ਕੇਰਲ ਦੇ ਪਲੱਕੜ ਵਿੱਚ ਕਿਸਾਨ ਕਿੱਟੂਚਾਮੀ ਨੇ 104 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਆਪਰੇਸ਼ਨ ਕਰਾਇਆ। ਆਪਰੇਸ਼ਨ ਦੇ ਪੰਜਵੇਂ ਦਿਨ ਉਹ ਆਪਣੇ ਖੇਤਾਂ ਵਿੱਚ ਕੰਮ ਕਰਨ ਲੱਗੇ।

ਕਿੱਟੂਚਾਮੀ ਦੇ ਪਰਵਾਰ ਨੇ ਦੱਸਿਆ ਕਿ ਪੇਟ ਦਰਦ ਕਾਰਨ ਉਨ੍ਹਾਂ ਨੂੰ ਉਲਟੀਆਂ ਹੁੰਦੀਆਂ ਸਨ। ਇਸ ਕਾਰਨ ਉਨ੍ਹਾਂ ਨੂੰ ਕੋਇੰਬਟੂਰ ਦੇ ਲਿਵਰ ਐਂਡ ਗੈਸਟਰੋ ਕੇਅਰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ ਅਤੇ ਸਿਟੀ ਸਕੈਨ ਪਿੱਛੋਂ ਡਾਕਟਰ ਨੇ ਉਨ੍ਹਾਂ ਦੀ ਅੰਤੜੀ ਵਿੱਚ ਬਲਾਕੇਜ ਲੱਭੀ ਸੀ। ਇਸ ਪਿੱਛੋਂ ਡਾਕਟਰ ਐਸ ਵਿਜੈਕੁਮਾਰ ਦੀ ਟੀਮ ਨੇ ਕਿੱਟੂਚਾਮੀ ਦੀ ਅੰਤੜੀ 'ਚੋਂ ਬਲਾਕੇਜ ਹਟਾ ਦਿੱਤਾ। ਇਹ ਬਲਾਕੇਜ ਇੰਟਰਨਲ ਹਰਨੀਆ ਰਿੰਗ ਦੇ ਨਾਲ ਹੋਇਆ ਸੀ। ਆਪਰੇਸ਼ਨ ਤੋਂ ਠੀਕ ਹੋਣ ਵਿੱਚ ਕਿੱਟੂਚਾਮੀ ਨੂੰ 48 ਘੰਟੇ ਲੱਗੇ ਤੇ ਪੰਜਵੇਂ ਦਿਨ ਹਸਪਤਾਲ ਤੋਂ ਡਿਸਚਾਰਜ ਹੋ ਗਏ। ਘਰਦਿਆਂ ਮੁਤਾਬਕ ਕਿੱਟੂਚਾਮੀ ਦੇ ਜੀਵਨ ਦਾ ਇਹ ਪਹਿਲਾ ਆਪਰੇਸ਼ਨ ਸੀ।

## ਐੱਨ ਆਰ ਆਈਜ਼ ਉੱਤੇ ਮੋਦੀ ਸਰਕਾਰ ਦਾ ਬਜਟ ਸੱਟ ਮਾਰੇਗਾ

### * ਟੈਕਸਾਂ ਬਾਰੇ ਸਰਕਾਰ ਨੇ ਨਿਯਮ ਬਦਲਿਆ




ਨਵੀਂ ਦਿੱਲੀ, 2 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਬਜਟ ਵਿੱਚ ਪੇਸ਼ ਹੋਈ ਟੈਕਸ ਵਿਵਸਥਾ ਦੇ ਨਾਲ ਬੇਸ਼ੱਕ ਕੁਝ ਟੈਕਸ ਦਾਤਾਵਾਂ ਦੇ ਚਿਹਰੇ ਉੱਤੇ ਖੁਸ਼ੀ ਆਈ ਹੈ, ਪਰ ਇਸ ਨਾਲ ਐੱਨ ਆਰ ਆਈਜ਼ ਨੂੰ ਝਟਕਾ ਲੱਗਾ ਹੈ। ਇਸ ਦਾ ਕਾਰਨ ਹੈ ਕਿ ਵਿਸ਼ਵ ਦੇ ਕਿਸੇ ਵੀ ਦੇਸ਼ ਵਿੱਚ ਆਪਣੀ ਕਮਾਈ ਉੱਤੇ ਟੈਕਸ ਨਾ ਦੇਣ ਵਾਲੇ ਪਰਵਾਸੀ ਭਾਰਤੀ ਲੋਕਾਂ ਨੂੰ ਅੱਗੇ ਤੋਂ ਭਾਰਤ ਵਿੱਚ ਟੈਕਸ ਦੇਣਾ ਪੈ ਜਾਵੇਗਾ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਨਵੇਂ ਬਜਟ ਵਿੱਚ ਉਨ੍ਹਾਂ ਐੱਨ ਆਰ ਆਈਜ਼ ਉੱਤੇ ਟੈਕਸ ਲਾਏ ਜਾਣ ਦੀ ਤਜਵੀਜ਼ ਰੱਖੀ ਹੈ, ਜਿਹੜੇ ਦੁਨੀਆ ਵਿੱਚ ਕਿਤੇ ਵੀ ਟੈਕਸ ਨਹੀਂ ਦੇਂਦੇ। ਇਸ ਦਾ ਸਭ ਤੋਂ ਵੱਧ ਝਟਕਾ ਉਨ੍ਹਾਂ ਲੋਕਾਂ ਨੂੰ ਲੱਗੇਗਾ, ਜਿਹੜੇ ਭਾਰਤ ਤੋਂ ਬਾਹਰ ਜਾ ਕੇ ਵੀ ਅਜੇ ਤੱਕ ਕਿਸੇ ਦੇਸ਼ ਦੇ ਨਾਗਰਿਕ ਨਹੀਂ ਬਣੇ। ਬਜਟ ਮੁਤਾਬਕ ਜੇ ਕੋਈ ਐੱਨ ਆਰ ਆਈ ਉਸ ਦੇਸ਼ ਵਿੱਚ ਟੈਕਸ ਨਹੀਂ ਭਰਦਾ, ਜਿੱਥੇ ਉਹ ਰਹਿੰਦਾ ਹੈ ਤਾਂ ਭਾਰਤ ਵਿੱਚ ਉਸ ਨੂੰ ਟੈਕਸ ਭਰਨਾ ਪੈ ਸਕਦਾ ਹੈ। ਜਿਹੜਾ ਭਾਰਤੀ ਨਾਗਰਿਕ ਕਿਸੇ ਵੀ ਹੋਰ ਦੇਸ਼ ਦਾ ਨਾਗਰਿਕ ਨਹੀ, ਉਸ ਨੂੰ ਅੱਗੇ ਤੋਂ ਭਾਰਤੀ ਨਿਵਾਸੀ ਸਮਝ ਕੇ ਉਸ ਦੀ ਵਿਦੇਸ਼ ਵਾਲੀ ਇਨਕਮ ਉੱਤੇ ਵੀ ਭਾਰਤ ਵਿੱਚ ਟੈਕਸ ਲਾਇਆ ਜਾਵੇਗਾ। ਵਰਨਣ ਯੋਗ ਹੈ ਕਿ ਬਹੁਤ ਸਾਰੇ ਅਮੀਰ ਲੋਕ ਗਲੋਬਲ ਇਨਕਮ ਉੱਤੇ ਟੈਕਸ ਭਰਨ ਤੋਂ ਬਚਣ ਲਈ ਇਸ ਤਰ੍ਹਾਂ ਦੇ ਸਟੇਟਸ ਦਾ ਲਾਭ ਉਠਾ ਰਹੇ ਸਨ ਅਤੇ ਭਾਰਤ ਵਿੱਚ ਆਪਣੀ ਰਿਹਾਇਸ਼ ਦਾ ਪ੍ਰਬੰਧ ਏਦਾਂ ਕਰਦੇ ਸਨ ਕਿ ਉਹ ਹਮੇਸ਼ਾ ਲਈ ਐੱਨ ਆਰ ਆਈ ਸਟੇਟਸ ਰੱਖਦੇ ਸਨ। ਇਸ ਦਾ ਲਾਭ ਖਾਸ ਕਰ ਵੱਡੇ ਦੌਲਤਮੰਦਾਂ ਉਠਾ ਰਹੇ ਸਨ, ਜਿਸ ਦੇ ਨਾਲ ਉਨ੍ਹਾਂ ਨੂੰ ਕਿਸੇ ਵੀ ਦੇਸ਼ ਦਾ ਟੈਕਸ ਨਹੀਂ ਭਰਨਾ ਪੈਂਦਾ ਸੀ।

ਟੈਕਸੇਸ਼ਨ ਦੇ ਮਾਹਰਾਂ ਦਾ ਕਹਿਣਾ ਹੈ ਕਿ ਇਸ ਨਾਲ ਉਹ ਲੋਕ ਵੀ ਪ੍ਰਭਾਵਤ ਹੋਣਗੇ, ਜਿਹੜੇ ਕਾਰੋਬਾਰੀ ਕਾਰਨਾਂ ਕਰ ਕੇ ਦੁਨੀਆ ਭਰ ਦੀ ਯਾਤਰਾ ਕਰਦੇ ਹਨ ਤੇ ਉਨ੍ਹਾਂ ਸਾਰੇ ਦੇਸ਼ਾਂ ਵਿੱਚ ਆਪਣਾ ਐੱਨ ਆਰ ਆਈ ਸਟੇਟਸ ਵੀ ਕਾਇਮ ਰੱਖਦੇ ਹਨ। ਅੱਗੇ ਤੋਂ ਇਹ ਲੋਕ ਭਾਰਤ ਦੇ ਵਸਨੀਕ ਮੰਨੇ ਜਾਣਗੇ ਅਤੇ ਉਨ੍ਹਾਂ ਦੀ ਗਲੋਬਲ ਇਨਕਮ ਉੱਤੇ ਭਾਰਤ ਵਿੱਚ ਟੈਕਸ ਲੱਗ ਜਾਵੇਗਾ। ਨਿਯਮਾਂ ਵਿੱਚ ਬਦਲਾਓ ਮੁਤਾਬਕ ਉਨ੍ਹਾਂ ਨੂੰ ਐੱਨ ਆਰ ਆਈ ਬਣਨ ਲਈ ਘੱਟੋ-ਘੱਟ 240 ਦਿਨ ਭਾਰਤ ਤੋਂ ਬਾਹਰ ਰਹਿਣਾ ਹੋਵੇਗਾ, ਪਹਿਲਾਂ ਇਹ 182 ਦਿਨ ਦਾ ਸਮਾਂ ਸੀ।

## ਗਲਤ ਪਹਿਲਵਾਨ ਦੀ ਪਛਾਣ ਕਰਨ ਉੱਤੇ ਨਾਡਾ ਨੇ ਮੁਆਫੀ ਮੰਗੀ

ਨਵੀਂ ਦਿੱਲੀ, 2 ਫਰਵਰੀ (ਪੋਸਟ ਬਿਊਰੋ)- ਅੰਡਰ-23 ਵਿਸ਼ਵ ਚੈਂਪੀਅਨਸ਼ਿਪ ਦੇ ਤਮਗਾ ਜੇਤੂ ਦਾ ਨਾਂਅ ਗਲਤੀ ਨਾਲ ਡੋਪ ਜਾਂਚ ਵਿਚ ਦੋਸ਼ੀ ਦੱਸਣ ਉੱਤੇ ਨੈਸ਼ਨਲ ਡੋਪਿੰਗ ਵਿਰੋਧੀ ਏਜੰਸੀ (ਨਾਡਾ) ਨੇ ਕੱਲ੍ਹ ਮੁਆਫੀ ਮੰਗੀ ਹੈ। ਬੀਤੇ ਸ਼ੁੱਕਰਵਾਰ ਪਹਿਲਵਾਨ ਰਵਿੰਦਰ ਕੁਮਾਰ ਉੱਤੇ ਡੋਪ ਜਾਂਚ ਵਿੱਚ ਨਾਕਾਮ ਰਹਿਣ ਕਾਰਨ ਨੂੰ ਚਾਰ ਸਾਲ ਦੀ ਪਾਬੰਦੀ ਲਾ ਦਿੱਤੀ ਗਈਸੀ। ਇਸ ਮਾਮਲੇ ਵਿੱਚ ਓਦੋਂ ਭਰਮ ਦੀ ਸਥਿਤੀ ਪੈਦਾ ਹੋ ਗਈ, ਜਦ ਨਾਡਾ ਨੇ ਉਸ ਨੂੰ ਵਿਸ਼ਵ ਚੈਂਪੀਅਨਸ਼ਿਪ ਦਾ ਚਾਂਦੀ ਦਾ ਤਮਗਾ ਜੇਤੂ ਲਿਖ ਦਿੱਤਾ, ਜਦ ਕਿ ਅਜਿਹਾ ਨਹੀਂ ਸੀ। ਅਸਲ ਵਿੱਚ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਵਿੱਚ ਰਵਿੰਦਰ ਦਹੀਆ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ। ਰਵਿੰਦਰ ਦਹੀਆ ਨੇ ਦੱਸਿਆ ਕਿ ਮੈਂ ਉਹ ਰਵਿੰਦਰ ਨਹੀਂ ਹਾਂ, ਜਿਸ ਦਾ ਜ਼ਿਕਰ ਨਾਡਾ ਕਰ ਰਿਹਾ ਹੈ। ਨਾਡਾ ਨੇ ਮੇਰੀ ਜਾਂਚ ਨਹੀਂ ਕੀਤੀ। ਮੈਂ ਹਵਾਈ ਫੌਜ ਵਿੱਚ ਕੰਮ ਕੀਤਾ ਹੈ, ਪੁਲਸ ਦੇ ਨਾਲ ਨਹੀਂ ਕੀਤਾ। ਕੱਲ੍ਹ ਨਾਡਾ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਗਲਤੀ ਮੰਨ ਲਈ ਅਤੇ ਕਿਹਾ, 'ਤਰੁੱਟੀ ਸਪੱਸ਼ਟੀਕਰਨ: ਤੁਹਾਨੂੰ ਸਭ ਨੂੰ ਇਹ ਸੂਚਿਤ ਕਰਨਾ ਹੈ ਕਿ ਬੀਤੇ ਦਿਨੀਂ ਰਵਿੰਦਰ ਕੁਮਾਰ ਦੇ ਖਿਲਾਫ ਡੋਪਿੰਗ ਵਿਰੋਧੀ ਅਨੁਸ਼ਾਸਨ ਕਮੇਟੀ (ਏ ਡੀ ਡੀ ਪੀ) ਦਾ ਇੱਕ ਹੁਕਮ ਪੋਸਟ ਕੀਤਾ ਹੈ। ਇਹ ਸਪੱਸ਼ਟ ਕਰਨਾ ਹੈ ਕਿ ਉਹ ਪਿਛਲੇ ਸਾਲ ਅੰਡਰ-23 ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੇ ਰਵਿੰਦਰ ਕੁਮਾਰ ਨਹੀਂ। ਇਹ ਪਛਾਣ ਵਿੱਚ ਭੁੱਲ ਕਰਨ ਦੀ ਗਲਤੀ ਹੈ।

## ਧੁੰਦ ਵਿੱਚ ਤੇਜ਼ ਰਫਤਾਰ ਕਾਰ ਦੀ ਕਾਲਜ-ਬੱਸ ਨਾਲ ਟੱਕਰ, ਕਾਰ ਸਵਾਰ ਚਾਰ ਲੋਕਾਂ ਦੀ ਮੌਤ



ਨਾਰਨੌਂਦ (ਹਰਿਆਣਾ), 2 ਫਰਵਰੀ (ਪੋਸਟ ਬਿਊਰੋ)- ਜੀਂਦ-ਭਿਵਾਨੀ ਰੋਡ 'ਤੇ ਖਾਂਡਾ ਪਿੰਡ ਦੇ ਕੋਲ ਕੱਲ੍ਹ ਸਵੇਰੇ ਧੁੰਦ ਦੇ ਕਾਰਨ ਨਿੱਜੀ ਕਾਲਜ ਦੀ ਬੱਸ ਅਤੇ ਕਾਰ ਦੀ ਟੱਕਰ ਹੋ ਗਈ, ਜਿਸ ਵਿੱਚ ਕਾਰ ਸਵਾਰ ਚਾਰ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਨਾਰਨੌਂਦ ਪੁਲਸ ਮੌਕੇ 'ਤੇ ਪਹੁੰਚੀ।

ਪੁਲਸ ਅਧਿਕਾਰੀਆਂ ਦੇ ਦੱਸਣ ਮੁਤਾਬਕ ਪ੍ਰਤੱਖ ਦਰਸ਼ੀਆਂ ਨੇ ਦੱਸਿਆ ਹੈ ਕਿ ਮਸਾਂ ਕਰੀਬ 50 ਮਿਟਰ ਤੱਕ ਹੀ ਦਿਖਾਈ ਦੇਂਦਾ ਹੋਵ-ੇਗਾ ਤੇ ਕਾਰ ਦੀ ਸਪੀਡ 100 ਕਿਲੋਮੀਟਰ ਤੋਂ ਵੱਧ ਸੀ। ਪੁਲਸ ਨੇ ਮ੍ਰਿਤਕ ਦੇ ਪਰਵਾਰ ਦੀ ਸ਼ਿਕਾਇਤ 'ਤੇ ਨਿੱਜੀ ਕਾਲਜ ਬੱਸ ਦੇ ਅਣਜਾਣ ਚਾਲਕ ਦੇ ਖ਼ਿਲਾਫ਼ ਕੇਸ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਅੰਬਾਲਾ ਦੇ ਸੌਂਟੀ ਪਿੰਡ ਤੋਂ ਰਾਜਸਥਾਨ ਦੇ ਮਾਧਵਪੁਰ ਦੇ ਖੰਡਾਰਾ ਪਿੰਡ ਵਿੱਚ ਪੂਜਾ-ਅਰਚਨਾ ਲਈ ਜਾ ਰਹੇ ਸੀ। ਅੰਬਾਲਾ ਦੇ ਸੌਂਟੀ ਪਿੰਡ ਦੇ 45 ਸਾਲ ਰਾਮਕਰਣ, 70 ਸਾਲ ਬਾਬਾ ਗਣੇਨਾਥ, 25 ਸਾਲ ਬੰਟੀ ਅਤੇ ਰਾਜਸਥਾਨ ਦੇ ਮਾਧੋਪੁਰ ਜ਼ਿਲ੍ਹੇ ਦੇ ਪਿੰਡ ਖੰਡਾਰਾ ਦੇ 35 ਸਾਲ ਰਾਮਸਵਰੂਪ ਕੱਲ੍ਹ ਸਵੇਰੇ ਕਰੀਬ ਸਾਢੇ ਪੰਜ ਵਜੇ ਕਾਰ (ਸਵਿਫਟ ਡਿਜ਼ਾਅਰ) ਵਿੱਚ ਰਾਜਸਥਾਨ ਦੇ ਸਵਾਈ ਮਾਧੋਪੁਰ ਵਿੱਚ ਗੋਰਖਨਾਥ ਮੰਦਰ ਵਿੱਚ ਪੂਜਾ-ਅਰਚਨਾ ਲਈ ਚੱਲੇ ਸੀ। ਸਵੇਰ ਵੇਲੇ ਗਹਿਰੀ ਧੁੰਦ ਸੀ ਅਤੇ ਜਦੋਂ ਉਹ ਜੀਂਦ ਜ਼ਿਲ੍ਹੇ ਦੀ ਹੱਦ ਪਾਰ ਕਰ ਕੇ ਹਿਸਾਰ ਜ਼ਿਲ੍ਹੇ ਦੇ ਨਾਰਨੌਂਦ ਹਲਕੇ ਦੇ ਪਿੰਡ ਖਾਂਡਾ ਕੋਲ ਪਹੁੰਚੇ ਤਾਂ ਸਾਹਮਣੇ ਤੋਂ ਆਈ ਨਿੱਜੀ ਕਾਲਜ ਬੱਸ ਨਾਲ ਸਿੱਧੀ ਟਕਰ ਹੋ ਗਈ। ਇਸ ਹਾਦਸੇ ਵਿੱਚ ਕਾਰ ਦੇ ਪਰਖਚੇ ਉਡ ਗਏ।

## ਸੱਤ ਆਈ ਏ ਐੱਸ ਸਣੇ 12 ਅਫਸਰਾਂ ਖਿਲਾਫ ਸੀ ਬੀ ਆਈ ਕੇਸ ਦਰਜ ਕਰੇਗੀ



ਰਾਂਚੀ, 2 ਫਰਵਰੀ (ਪੋਸਟ ਬਿਊਰੋ)- ਛੱਤੀਸਗੜ੍ਹ ਵਿੱਚ ਭਾਜਪਾ ਸ਼ਾਸਨ ਵਿੱਚ ਹੋਏ ਘਪਲੇ ਵਿੱਚ ਪਿਛਲੇ ਦਿਨੀਂ ਹਾਈ ਕੋਰਟ ਨੇ ਪ੍ਰਿੰਸੀਪਲ ਸੈਕਟਰੀ ਸਕੂਲ ਸਿਖਿਆ ਅਲੋਕ ਸ਼ੁਕਲਾ ਦੇ ਸਮੇਤ ਸੱਤ ਆਈ ਏ ਐੱਸ ਅਤੇ ਪੰਜ ਸੂਬਾ ਪੱਧਰੀ ਅਫਸਰਾਂ ਵਿਰੁੱਧ ਸੀ ਬੀ ਆਈ ਨੂੰ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਇਨ੍ਹਾਂ ਅਫਸਰਾਂ 'ਤੇ ਭਾਜਪਾ ਸ਼ਾਸਨ ਦੌਰਾਨ ਫਰਜ਼ੀ ਸੰਸਥਾ ਬਣਾ ਕੇ ਇੱਕ ਹਜ਼ਾਰ ਕਰੋੜ ਰੁਪਏ ਦਾ ਘਪਲਾ ਕਰਨ ਦਾ ਦੋਸ਼ ਹੈ।

ਸਾਲ 2018 ਵਿੱਚ ਦਾਇਰ ਕੀਤੀ ਜਨਹਿਤ ਪਟੀਸ਼ਨ 'ਤੇ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਜਸਟਿਸ ਪੀ ਪੀ ਸਾਹੂ ਦੀ ਡਵੀਜ਼ਨ ਬੈਂਚ ਨੇ ਸੁਣਵਾਈ ਪਿੱਛੋਂ ਇਹ ਹੁਕਮ ਦਿੱਤੇ ਹਨ। ਰਾਏਪੁਰ ਦੇ ਵਸਨੀਕ ਕੁੰਦਨ ਸਿੰਘ ਠਾਕੁਰ ਨੇ ਇਹ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੇ ਫਰਜ਼ੀ ਸੰਸਥਾ ਸਟੇਟ ਰਿਸੋਰਸ ਸੈਂਟਰ (ਐੱਸ ਆਰ ਸੀ) ਸੂਬਾ ਸਰੋਤ ਨਿਸ਼ਸਤਜਨ ਸੰਸਥਾ ਦੇ ਨਾਂਅ 'ਤੇ ਘਪਲਾ ਕੀਤਾ ਗਿਆ ਹੈ। ਸਟੇਟ ਰਿਸੋਰਸ ਸੈਂਟਰ ਦਾ ਦਫਤਰ ਰਾਏਪੁਰ 'ਚ ਦੱਸਿਆ ਗਿਆ ਹੈ, ਜਿਹੜਾ ਸਮਾਜ ਭਲਾਈ ਵਿਭਾਗ ਦੇ ਅਧੀਨ ਹੈ। ਐੱਸ ਆਰ ਸੀ ਨੇ ਬੈਂਕ ਆਫ ਇੰਡੀਆ ਦੇ ਅਕਾਊਂਟ ਅਤੇ ਐੱਸ ਬੀ ਆਈ ਮੋਤੀ ਬਾਗ ਦੇ ਤਿੰਨ ਖਾਤਿਆਂ ਤੋਂ ਸੰਸਥਾ 'ਚ ਕੰਮ ਕਰਦੇ ਵੱਖ-ਵੱਖ ਲੋਕਾਂ ਦੇ ਨਾਂਅ 'ਤੇ ਫਰਜ਼ੀ ਆਧਾਰ ਕਾਰਡਾਂ ਦੇ ਖਾਤੇ ਖੁੱਲ੍ਹਵਾ ਕੇ ਪੈਸੇ ਕਢਵਾਏ। ਕੋਰਟ ਨੇ ਸੁਣਵਾਈ ਦੌਰਾਨ ਦੇਖਿਆ ਕਿ ਅਜਿਹੀ ਕੋਈ ਸੰਸਥਾ ਸੂਬੇ ਵਿੱਚ ਨਹੀਂ ਹੈ, ਸਿਰਫ ਕਾਗਜ਼ਾਂ 'ਚ ਸੰਸਥਾ ਬਣਾਈ ਗਈ ਸੀ। ਇਸ ਤੋਂ ਇਲਾਵਾ ਇੱਕ ਆਈ ਏ ਐੱਸ, ਬੀ ਐੱਲ ਅਗਰਵਾਲ ਭਾਜਪਾ ਸ਼ਾਸਨ 'ਚ ਮੈਡੀਕਲ ਘਪਲੇ ਵਿੱਚ ਸੀ ਬੀ ਆਈ ਨੂੰ ਰਿਸ਼ਵਤ ਦੇਣ ਦੇ ਕੇਸ 'ਚ ਗ੍ਰਿਫਤਾਰ ਹੋਣ ਤੋਂ ਬਾਅਦ ਸਸਪੈਂਡ ਹੋ ਚੁੱਕੇ ਹਨ।



# ਮੀਡੀਆ ਦੇ ਪ੍ਰਚਾਰ ਪਿੱਛੋਂ ਕੋਰੋਨਾ ਵਾਇਰਸ ਕਾਰਨ ਚੀਨ ਵਿਰੋਧੀ ਭਾਵਨਾਵਾਂ ਭੜਕੀਆਂ

ਸਿਓਲ, 2 ਫਰਵਰੀ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਜੂਝਦੇ ਦੇਸ਼ਾਂ ਵਿਚ ਚੀਨ ਵਿਰੋਧੀ ਭਾਵਨਾਵਾਂ ਭੜਕਣ ਲੱਗੀਆਂ ਹਨ ਤੇ ਹਾਲਤ ਇਹ ਹੈ ਕਿ ਦੱਖਣੀ ਕੋਰੀਆ, ਜਾਪਾਨ, ਹਾਂਗਕਾਂਗ ਤੇ ਵੀਅਤਨਾਮ ਦੇ ਰੈਸਤਰਾਂ ਨੇ ਚੀਨੀ ਗਾਹਕਾਂ ਲਈ ਦਾਖਲ ਹੋਣ ਦੀ ਪਾਬੰਦੀ ਲਾ ਦਿੱਤੀ ਹੈ। ਇੰਡੋਨੇਸ਼ੀਆ ਵਿਚ ਲੋਕਾਂ ਨੇ ਇਕ ਹੋਟਲ ਮੂਹਰੇ ਪ੍ਰਦਰਸ਼ਨ ਕਰ ਕੇ ਓਥੇ ਮੌਜੂਦ ਚੀਨੀ ਟੂਰਿਸਟਾਂ ਨੂੰ ਚਲੇ ਜਾਣ ਨੂੰ ਕਿਹਾ ਹੈ। ਫਰਾਂਸ ਤੇ ਆਸਟ੍ਰੇਲੀਆ ਦੇ ਅਖ਼ਬਾਰਾਂ ਨੇ ਚੀਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਆਪਣੀਆਂ ਖ਼ਬਰਾਂ ਦੇ ਸਿਰਲੇਖ ਬਣਾਏ, ਜਿਸ ਲਈ ਉਨ੍ਹਾਂ ਦੀ ਆਲੋਚਨਾ ਵੀ ਹੋਈ ਹੈ।

ਦੱਖਣੀ ਕੋਰੀਆ ਦੀਆਂ ਕਈ ਵੈੱਬਸਾਈਟਾਂ ਵਿੱਚ ਚੀਨੀ ਲੋਕਾਂ ਨੂੰ ਓਥੋਂ ਕੱਢਣ ਤੇ ਉਨ੍ਹਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਦੇ ਨਾਲ ਓਥੋਂ ਦੇ ਲੋਕਾਂ ਦੇ ਖਾਣੇ ਦੀਆਂ ਆਦਤਾਂ ਬਾਰੇ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਹਨ। ਸੀ-ਫੂਡ ਖਾਣ ਦੇ ਲਈ ਪ੍ਰਸਿੱਧ ਸਿਓਲ ਦੇ ਕਈ ਰੈਸਤਰਾਂ ਨੇ 'ਨੋ-ਐਂਟਰੀ ਫਾਰ ਚਾਈਨੀਜ਼' ਦਾ ਬੋਰਡ ਲਾ ਦਿੱਤਾ ਹੈ। ਹਾਲਤ ਏਥੋਂ ਤੱਕ ਹੈ ਕਿ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਭਵਨ 'ਬਲੂ ਹਾਊਸ' ਨੂੰ ਐਡਰੈੱਸ ਕਰ ਕੇ ਇਕ ਆਨਲਾਈਨ ਅਰਜ਼ੀ



ਵੀਅਤਨਾਮ ਵਿਚ ਚੀਨੀ ਲੋਕਾਂ ਨੂੰ ਆਉਣ ਦੇਣ ਲਈ ਪ੍ਰਦਰਸ਼ਨ ਕਰਦੇ ਲੋਕ।



ਵੀਅਤਨਾਮ ਤੇ ਹੌਂਗਕੌਂਗ ਵਿਚ ਰੈਸਟੋਰੈਂਟਾਂ ਦੇ ਬਾਹਰ ਲੱਗੇ ਚੀਨੀ ਲੋਕਾਂ ਉਤੇ ਪ੍ਰਤੀਬੰਧ ਵਾਲੇ ਬੋਰਡ।

ਵਿਚ ਚੀਨੀ ਲੋਕਾਂ ਉੱਤੇ ਇਸ ਵਕਤ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ, ਜਿਸ ਉੱਤੇ ਲਗਪਗ ਛੇ ਲੱਖ ਲੋਕਾਂ ਨੇ ਦਸਖ਼ਤ ਕੀਤੇ ਹਨ। ਕੁਝ ਪੁਰਾਤਨ ਪੰਥੀ ਵਿਰੋਧੀ ਪਾਰਲੀਮੈਂਟ ਮੈਂਬਰ ਵੀ ਇਸ ਕਦਮ ਦਾ ਖੁੱਲ੍ਹਾ ਸਮਰਥਨ ਕਰਦੇ ਜਾਪਦੇ ਹਨ ਅਤੇ ਕੁਝ ਲੋਕਾਂ ਨੇ ਰਾਸ਼ਟਰਪਤੀ ਭਵਨ ਕੋਲ ਪ੍ਰਦਰਸ਼ਨ ਕਰ ਕੇ ਚੀਨੀ ਟੂਰਿਸਟਾਂ ਉੱਤੇ ਤੁਰੰਤ ਰੋਕ ਦੀ ਮੰਗ ਕੀਤੀ ਹੈ।

ਹਾਂਗਕਾਂਗ ਦੇ ਇਕ ਜਾਪਾਨੀ ਨੂਡਲ ਰੈਸਤਰਾਂ ਦੇ ਮਾਲਕ ਟੈਨੋ ਰੇਮਨ ਨੇ ਚੀਨ ਦੇ ਗਾਹਕਾਂ ਨੂੰ ਕੋਈ ਸਰਵਿਸ ਦੇਣ ਤੋਂ ਮਨ੍ਹਾ ਕਰ ਦਿੱਤਾ ਅਤੇ ਆਪਣੇ ਫੇਸਬੁੱਕ ਪੇਜ ਉੱਤੇ ਇਹ ਲਿਖਿਆ ਹੈ, 'ਅਸੀਂ ਲੰਬਾ ਸਮਾਂ ਜਿਊਣਾ ਚਾਹੁੰਦੇ ਹਾਂ। ਸਾਨੂੰ ਸਥਾਨਕ ਗਾਹਕਾਂ ਦੀ ਚਿੰਤਾ ਹੈ। ਕ੍ਰਿਪਾ ਕਰ ਕੇ ਸਾਨੂੰ ਮਾਫ਼ ਕਰੋ।' ਰੋਮ ਦੇ ਪ੍ਰਸਿੱਧ ਟੂਰਿਸਟ ਸਥਾਨ ਟ੍ਰੈਵੀ ਫਾਊਨਟੇਨ ਨੇੜੇ ਇੱਕ ਕੈਫੇ ਨੇ ਨੋਟਿਸ ਚਿਪਕਾ ਕੇ ਚੀਨੀ ਲੋਕਾਂ ਨੂੰ ਆਉਣ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਬਾਅਦ ਵਿਚ ਉਸ ਨੇ ਨੋਟਿਸ ਹਟਾ ਲਿਆ।

ਅਜੇ ਤਕ ਸਾਮਰਾਜੀ ਰੁਖ ਦੇ ਕਾਰਨ ਸੰਸਾਰ ਭਰ ਵਿਚ ਚੀਨ ਵਿਰੋਧੀ ਭਾਵਨਾਵਾਂ ਹੁੰਦੀਆਂ ਸਨ, ਕੋਰੋਨਾ ਵਾਇਰਸ ਦੇ ਕਾਰਨ ਕਈ ਦੇਸ਼ ਉਸ ਦੇ ਖ਼ਿਲਾਫ਼ ਇਕਜੁੱਟ ਹੋਣ ਲੱਗੇ ਤਾਂ ਯੂਰਪ ਵਿਚ ਕਈ ਥਾਂ ਇਹ ਏਕਤਾ ਚੀਨ ਤੇ ਚੀਨੀ ਲੋਕਾਂ ਦੇ ਖ਼ਿਲਾਫ਼ ਹੀ ਨਹੀਂ, ਏਸ਼ੀਆਈ ਲੋਕਾਂ ਦੇ ਵਿਰੋਧ ਤਕ ਚਲੀ ਗਈ ਹੈ।

# ਇਮਰਾਨ ਸਰਕਾਰ ਨੇ ਚੀਨ ਵਿਚਲੇ ਪਾਕਿ ਲੋਕਾਂ ਨੂੰ ਲਿਆਉਣ ਤੋਂ ਹੱਥ ਖੜ੍ਹੇ ਕੀਤੇ



ਨਵੀਂ ਦਿੱਲੀ, 2 ਫਰਵਰੀ, (ਪੋਸਟ ਬਿਊਰੋ)- ਚੀਨ ਵਿਚ ਸ਼ੁਰੂ ਹੋਇਆ ਕੋਰੋਨਾ ਵਾਇਰਸ ਦੁਨੀਆਂ ਲਈ ਮੁਸਿਬਤ ਬਣ ਰਿਹਾ ਹੈ। ਇਸ ਦੇ ਨਾਲ ਚੀਨ ਵਿਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਓਥੇ ਰਹਿੰਦੇ ਦੂਜੇ ਦੇਸ਼ਾਂ ਦੇ ਨਾਗਰਿਕ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ ਤੇ ਇਸੇ ਤਰ੍ਹਾਂ ਪਾਕਿਸਤਾਨ ਦੇ ਵੀ ਕਈ ਲੋਕ ਚੀਨ ਵਿਚ ਹਨ, ਪਰ ਉਨ੍ਹਾਂ ਨੂੰ ਓਥੋਂ ਕੱਢਣ ਦੇ ਲਈ ਪਾਕਿਸਤਾਨ ਸਰਕਾਰ ਹੱਥ ਖੜੇ ਕਰਦੀ ਨਜ਼ਰ ਆ ਰਹੀ ਹੈ।

ਕੋਰੋਨਾ ਵਾਇਰਸ ਕਾਰਨ ਚੀਨ ਵਿਚ ਫਸੇ ਆਪਣੇ ਨਾਗਰਿਕ ਕੱਢਣ ਲਈ ਦੁਨੀਆ ਦੇ ਵੱਖ-ਵੱਖ ਦੇਸ਼ ਸਪੈਸ਼ਲ ਫਲਾਈਟ ਭੇਜ ਕੇ ਆਪਣੇ ਦੇਸ਼ ਲਿਆ ਕੇ ਉਨ੍ਹਾਂ ਦਾ ਇਲਾਜ ਕਰ ਰਹੇ ਹਨ, ਪਰ ਚੀਨ ਵਿਚ ਫਸੇ ਪਾਕਿਸਤਾਨੀ ਲੋਕਾਂ ਨੂੰ ਆਪਣੀ ਸਰਕਾਰ ਤੋਂ ਨਾਉਮੀਦੀ ਮਿਲੀ ਹੈ। ਇਮਰਾਨ ਖਾਨ ਦੀ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਚੀਨ ਤੋਂ ਕੱਢਣ ਲਈ ਅਸਮਰੱਥਾ ਜਾਹਰ ਕੀਤੀ ਅਤੇ ਕਿਹਾ ਹੈ ਕਿ ਉਹ ਚੀਨ ਵਿਚ ਵਧੀਆ ਮੈਡੀਕਲ ਸਹੂਲਤਾਂ ਲੈ ਸਕਦੇ ਹਨ। ਵੈੱਬਸਾਈਟ ਜਿਓ ਨਿਊਜ਼ ਦੇ ਅਨੁਸਾਰ ਚੀਨ ਦੇ ਵੂਹਾਨ ਸ਼ਹਿਰ ਵਿਚ ਪਾਕਿਸਤਾਨ ਦੇ ਵੱਡੀ ਗਿਣਤੀ ਵਿਚ ਵਿਦਿਆਰਥੀ ਫਸੇ ਹਨ ਤੇ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਸਰਕਾਰ ਨੂੰ ਲਗਾਤਾਰ ਮਦਦ ਦੀ ਅਪੀਲ ਕਰ ਰਹੇ ਹਨ। ਪਾਕਿਸਤਾਨ ਵਿਚ ਇਨ੍ਹਾਂ ਦੇ ਪਰਿਵਾਰ ਵੀ ਸਰਕਾਰ ਉੱਤੇ ਉਨ੍ਹਾਂ ਨੂੰ ਲਿਆਉਣ ਦਾ ਦਬਾਅ ਬਣਾ ਰਹੇ ਹਨ, ਪਰ ਇਮਰਾਨ ਸਰਕਾਰ ਕਹਿੰਦੀ ਹੈ ਕਿ ਉਨ੍ਹਾਂ ਨੂੰ ਲਿਆਉਣਾ ਖਤਰੇ ਤੋਂ ਖਾਲੀ ਨਹੀਂ। ਸਰਕਾਰ ਕਹਿੰਦੀ ਹੈ ਕਿ ਪਾਕਿਸਤਾਨ ਦੇ ਨਾਗਰਿਕਾਂ ਨੂੰ ਚੀਨ ਵਿਚ ਵਧੀਆ ਮੈਡੀਕਲ ਸਹੂਲਤਾਂ ਮਿਲ ਸਕਦੀਆਂ ਹਨ, ਜੋ ਏਥੇ ਨਹੀਂ ਮਿਲ ਸਕਦੀਆਂ।

ਵਰਨਣ ਯੋਗ ਹੈ ਪਾਕਿਸਤਾਨ ਵਿੱਚ ਮੈਡੀਕਲ ਸਹੂਲਤਾਂ ਦੀ ਕਮੀ ਹੈ ਅਤੇ ਉਸ ਕੋਲ ਕੋਰੋਨਾ ਵਾਇਰਸ ਟੈਸਟ ਦੀ ਕਿੱਟ ਤੱਕ ਨਹੀਂ ਹੈ। ਪਤਾ ਲੱਗਾ ਹੈ ਕਿ ਪਾਕਿਸਤਾਨ ਨੇ ਜਪਾਨ ਤੋਂ ਕਿੱਟ ਖਰੀਦਣ ਦੀ ਸੌਦਾ ਕੀਤਾ ਹੈ, ਪਰ ਚੀਨ ਨੂੰ ਜਾਣ ਵਾਲੀ ਫਲਾਈਟ ਰੱਦ ਹੋਣ ਕਾਰਨ ਕਿੱਟ ਆਉਣ ਵਿਚ ਦੇਰੀ ਹੋ ਰਹੀ ਹੈ।

## ਬਿੱਲ ਗੇਟਸ ਦੀ ਧੀ ਨੂੰ ਮਿਸਰ ਦਾ ਘੋੜ ਸਵਾਰ ਪਸੰਦ ਆਇਆ



ਕੈਲੀਫੋਰਨੀਆ, 2 ਫਰਵਰੀ (ਪੋਸਟ ਬਿਊਰੋ)- ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਬਿੱਲ ਗੇਟਸ ਦੀ ਵੱਡੀ ਬੇਟੀ ਜੈਨੀਫਰ ਗੇਟਸ ਨੇ ਮੰਗਣੀ ਕਰ ਲਈ ਹੈ। 23 ਸਾਲਾ ਜੈਨੀਫਰ ਨੇ 28 ਸਾਲ ਦੇ ਮਿਸਰ ਦੇ ਘੋੜਸਵਾਰ ਤੇ ਅਰਬਪਤੀ ਨਾਇਲ ਨਸਾਰ ਨਾਲ ਮੰਗਣੀ ਕੀਤੀ ਹੈ, ਜਿਸ ਦਾ ਐਲਾਨ ਉਨ੍ਹਾਂ ਇੰਸਟਾਗ੍ਰਾਮ 'ਤੇ ਫੋਟੋ ਸਾਂਝੀ ਕਰਕੇ ਕੀਤਾ।

ਜੈਨੀਫਰ ਨੇ ਲਿਖਿਆ, 'ਨਾਇਲ ਨਸਾਰ, ਤੁਸੀਂ ਆਪਣੇ ਵਰਗੇ ਇੱਕੋ ਹੀ ਹੋ, ਕਰੋੜਾਂ ਵਾਰ ਹਾਂ।' ਇਸ ਦੇ ਨਾਲ ਹੀ ਨਸਾਰ ਨੇ ਆਪਣੀ ਪੋਸਟ 'ਚ ਲਿਖਿਆ ਕਿ ਮੈਂ ਹਾਂ ਕਹਿ ਦਿੱਤੀ ਹੈ, ਮੈਂ ਖੁਦ ਨੂੰ ਖੁਸ਼-ਕਿਸਮਤ ਸਮਝਦਾ ਹਾਂ।' ਚਾਰ ਸਾਲ ਦੀ ਦੋਸਤੀ ਤੋਂ ਬਾਅਦ ਜੈਨੀਫਰ ਤੇ ਨਸਾਰ ਨੇ ਮੰਗਣੀ ਕੀਤੀ ਹੈ। ਅਜੇ ਇਹ ਤੈਅ ਨਹੀਂ ਕਿ ਉਹ ਵਿਆਹ ਕਦੋਂ ਕਰਵਾ ਸਕਣੇ। ਜੈਨੀਫਰ ਦੇ ਮਾਂ-ਬਾਪ (ਬਿੱਲ ਗੇਟਸ ਤੇ ਮੇਲਿੰਡਾ) ਨੇ ਪਿੱਛੇ ਜਿਹੇ ਆਪਣੀ ਵਿਆਹ ਦੀ 26ਵੀਂ ਵਰ੍ਹੇਗੰਢ ਮਨਾਈ ਹੈ। ਗੇਟਸ ਐਮਾਜ਼ੋਨ ਦੇ ਮੋਢੀ ਅਤੇ ਸੀ ਈ ਓ ਜੈਫ਼ ਬੇਜੋਸ ਤੋਂ ਬਾਅਦ ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਹਨ। ਨਾਇਲ ਮੂਲ ਰੂਪ ਵਿੱਚ ਮਿਸਰ ਦੇ ਰਹਿਣ ਵਾਲੇ ਹਨ। ਉਨ੍ਹਾਂ ਦਾ ਬਚਪਨ ਕੁਵੈਤ 'ਚ ਬੀਤਿਆ। ਪਿਤਾ ਬਿਜਨੈਸਮੈਨ ਹਨ। ਨਸਾਰ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਮੈਨੇਜਮੈਂਟ ਤੇ ਇਕਨਾਮਿਕਸ ਦੀ ਡਿਗਰੀ ਲਈ ਹੈ। ਉਹ ਘੋੜਸਵਾਰੀ ਕਰਦੇ ਹਨ ਅਤੇ ਵਿਸ਼ਵ ਪੱਧਰ ਦੇ ਕਈ ਮੁਕਾਬਲਿਆਂ 'ਚ ਹਿੱਸਾ ਲੈ ਚੁੱਕੇ ਹਨ। ਘੋੜਸਵਾਰੀ ਕਾਰਨ ਹੀ ਜੈਨੀਫਰ ਅਤੇ ਨਸਾਰ ਇੱਕ-ਦੂਜੇ ਦੇ ਕਰੀਬ ਆਏ। 2009 'ਚ ਨਸਾਰ ਦਾ ਪਰਵਾਰ ਅਮਰੀਕਾ ਦੇ ਕੈਲੀਫੋਰਨੀਆ 'ਚ ਰਹਿਣ ਲੱਗ ਗਿਆ ਸੀ।

## ਸਿਹਤਮੰਦ ਰਹਿਣ ਲਈ ਦਿਨ ਵਿੱਚ ਕਿੰਨੀ ਵਾਰ ਖਾਣਾ ਚਾਹੀਦੈ

ਨਵੀਂ ਦਿੱਲੀ, 2 ਫਰਵਰੀ (ਪੋਸਟ ਬਿਊਰੋ)- ਸਾਡੇ 'ਚੋਂ ਬਹੁਤੇ ਲੋਕ ਦਿਨ ਸਿਰਫ਼ ਤਿੰਨ ਵਾਰ ਖਾਣਾ ਖਾਂਦੇ ਹਨ ਅਤੇ ਕੁਝ ਅਜਿਹੇ ਲੋਕ ਹਨ, ਜੋ ਚਾਰ-ਪੰਜ ਵਾਰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਾਣਾ ਪਸੰਦ ਕਰਦੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਦਿਨ 'ਚ ਤਿੰਨ ਵਾਰ ਖਾਣ ਨਾਲ ਸਿਹਤ ਚੰਗੀ ਰਹਿੰਦੀ ਹੈ ਕਿਉਂਕਿ ਇਸ ਤਰ੍ਹਾਂ ਭੋਜਨ ਸਹੀ ਤਰ੍ਹਾਂ ਪਚਦਾ ਹੈ। ਕੁਝ ਹੈਲਥ ਐਕਸਪਰਟਸ ਦੀ ਰਾਏ ਹੈ ਕਿ ਪੰਜ-ਛੇ ਵਾਰ ਥੋੜ੍ਹਾਂ-ਥੋੜ੍ਹਾ ਖਾਣ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ। ਡਾਈਟੀਸ਼ੀਅਨ ਸ਼ਵੇਤਾ ਦੇ ਮੁਤਾਬਕ ਵਾਰ-ਵਾਰ ਖਾਣਾ, ਮਤਲਬ ਸਨੈਕਿੰਗ, ਅੱਜ ਦੇ ਕੈਲੋਰੀ ਕਾਂਸ਼ੀਅਸ ਜ਼ਮਾਨੇ ਵਿੱਚ ਸਹੀ ਚੀਜ਼ ਨਹੀਂ, ਕਿਉਂਕਿ ਵਾਰ-ਵਾਰ ਖਾਣ ਨਾਲ ਵਿਅਕਤੀ ਜੰਕ ਫੂਡ ਵੱਲ ਆਕਰਸ਼ਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਂਝ ਸਾਰਾ ਦਿਨ ਕੁਝ ਨਾ ਕੁਝ ਖਾਣਾ ਮਾੜਾ ਨਹੀਂ, ਪਰ ਇਸ ਗੱਲ ਦਾ ਧਿਆਨ ਰੱਖੋ ਕਿ ਜੋ ਸਨੈਕਸ ਤੁਸੀਂ ਖਾਂਦੇ ਹੋ, ਉਹ ਠੀਕ ਹੋਣ। ਸਰੀਰ ਨੂੰ ਹਰ ਦੋ-ਤਿੰਨ ਘੰਟੇ ਵਿੱਚ ਖਾਣੇ ਦੀ ਕੁਝ ਮਾਤਰਾ ਚਾਹੀਦੀ ਹੈ। ਇਸ ਲਈ ਵਿੱਚ-ਵਿਚਾਲੇ ਖਾਂਦੇ ਰਹਿਣਾ ਚਾਹੀਦਾ ਹੈ। ਹੈਲਥ ਐਕਸਪਰਟ ਦੀ ਰਾਏ ਹੈ ਕਿ ਇੱਕੋ ਵਾਰੀ ਰੱਜ ਕੇ ਖਾਣ ਨਾਲੋਂ ਸਮੇਂ-ਸਮੇਂ 'ਤੇ ਥੋੜ੍ਹਾ-ਥੋੜ੍ਹਾ ਖਾਣਾ ਵੱਧ ਫਾਇਦੇਮੰਦ ਹੈ, ਕਿਉਂਕਿ ਇਸ ਤਰ੍ਹਾਂ ਖਾਣ ਨਾਲ ਸਾਡੇ ਸਰੀਰ ਵਿੱਚ ਫੈਟ ਬਰਨ ਹੋਣ ਦੀ ਸਮਰੱਥਾ ਤੇਜ਼ ਹੋ ਜਾਂਦੀ ਹੈ। ਇਸ ਤਰ੍ਹਾਂ ਨਾਲ ਖਾਣ 'ਤੇ ਸਾਡੀ ਮੇਟਾਬਾਲਿਜਮ ਪਾਵਰ ਸਟ੍ਰਾਂਗ ਹੁੰਦੀ ਅਤੇ ਬਲੱਡ ਸ਼ੂਗਰ ਲੈਵਲ ਸਹੀ ਬਣਿਆ ਰਹਿੰਦਾ ਹੈ।

# ਹਾਲੈਂਡ ਵਿੱਚ 10 ਹਜ਼ਾਰ ਤੋਂ ਵੱਧ ਲੋਕਾਂ ਨੇ ਸਵੈ ਇੱਛਾ ਮੌਤ ਮੰਗੀ

ਹੇਗ, 2 ਫਰਵਰੀ, (ਪੋਸਟ ਬਿਊਰੋ)- ਸਿਸਟਮ ਤੋਂ ਤੰਗ ਹੋ ਕੇ ਕਈ ਲੋਕ ਸਵੈ ਇੱਛਾ ਮੌਤ ਦੀ ਮੰਗ ਕਰਦੇ ਹਨ। ਪਿੱਛੇ ਜਿਹੇ ਨੀਦਰਲੈਂਡ ਵਿਚ ਇਕ ਹੈਰਾਨੀ ਵਾਲਾ ਮਾਮਲਾ ਸਾਹਮਣੇ ਆਇਆ ਹੈ ਕਿ ਦਸ ਹਜ਼ਾਰ ਤੋਂ ਵੱਧ ਲੋਕਾਂ ਨੇ ਸਰਕਾਰ ਤੋਂ ਸਵੈ ਇੱਛਾ ਮੌਤ ਦੀ ਆਗਿਆ ਦੇਣ ਦੀ ਮੰਗ ਕਰ ਦਿੱਤੀ ਹੈ।

ਪਾਰਲੀਮੈਂਟ ਵਿੱਚ ਇਸ ਬਾਰੇ ਦੱਸਦੇ ਹੋਏ ਦੇਸ਼ ਦੀ ਸਿਹਤ ਮੰਤਰੀ ਹਿਊਗੋ ਦੀ ਜੋਂਗ ਨੇ ਕਿਹਾ ਕਿ ਇਹ ਲੋਕ 55 ਸਾਲ ਤੋਂ ਵੱਧ ਉਮਰ ਦੇ ਹਨ ਅਤੇ ਗੰਭੀਰ ਬੀਮਾਰੀਆਂ ਨਾਲ ਜੂਝ ਰਹੇ ਹਨ। ਇੱਛਾ ਮੌਤ ਮੰਗਣ ਦੀ ਵੱਡੀ ਵਜ੍ਹਾ ਉਨ੍ਹਾਂ ਦਾ ਇਕੱਲਾਪਣ ਹੈ। ਮਰਨ ਦੀ ਮੰਗ ਕਰਦੇ ਇਨ੍ਹਾਂ ਲੋਕਾਂ ਦੀ ਗਿਣਤੀ ਅਸਲ ਵਿੱਚ 10,156 ਹੈ। ਇੰਨੀ ਵੱਡੀ ਗਿਣਤੀ ਵਿੱਚ ਇਕ ਦੂਸਰੇ ਪਿੱਛੋਂ ਮੌਤ ਦੀ ਮੰਗ ਕਰਨ ਵਾਲਿਆਂ ਦੇ ਕਾਰਨ ਸਰਕਾਰ ਨੇ ਇਕ ਕਮਿਸ਼ਨ ਬਣਾਇਆ ਤਾਂ ਪਾਇਆ



ਗਿਆ ਕਿ ਮਰਨ ਦੀ ਇੱਛਾ ਕਾਫੀ ਗੰਭੀਰ ਹੈ ਤੇ ਇਹ ਹਰ ਹਾਲ ਮਰਨਾ ਚਾਹੁੰਦੇ ਹਨ। ਪਾਰਲੀਮੈਂਟ ਵਿਚ ਇਹ ਮੁੱਦਾ ਰੱਖਦੇ ਹੋਏ ਸਿਹਤ ਮੰਤਰੀ ਨੇ ਕਿਹਾ ਕਿ ਡੈਥ ਵਿਸ਼ ਇਕ ਸਾਮਾਜਿਕ ਮੁੱਦਾ ਹੈ। ਸਭ ਨੂੰ ਮਿਲ ਕੇ ਉਨ੍ਹਾਂ ਲੋਕਾਂ ਨੂੰ ਫਿਰ ਜ਼ਿੰਦਗੀ ਵਿੱਚ ਵਾਪਸ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਦੂਸਰੇ ਪਾਸੇ ਵਿਰੋਧੀ ਧਿਰ ਦੀ ਨੇਤਾ ਪੀਆ ਡਿਜਕਸਟਾ ਨੇ ਕਿਹਾ ਕਿ ਉਹ 75 ਸਾਲ ਪਾਰ ਚੁੱਕੇ ਹਨ, ਇਸ ਲਈ ਲੋਕਾਂ ਦੇ ਲਈ ਸਵੈ ਇੱਛਾ ਮੌਤ ਦਾ ਕਾਨੂੰਨ ਬਣਾਉਣ ਲਈ ਉਹ ਪਾਰਲੀਮੈਂਟ ਵਿੱਚ ਮਤਾ ਪੇਸ਼ ਕਰਨਗੇ।

## ਚਿਦੰਬਰਮ, ਕਾਰਤੀ ਵਿਰੁੱਧ ਏਅਰਸੈਲ-ਮੈਕਿਸਸ ਕੇਸ ਅਦਾਲਤ ਨੇ ਫਿਰ ਖੋਲ੍ਹਿਆ

ਨਵੀਂ ਦਿੱਲੀ, 2 ਫਰਵਰੀ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਸਾਬਕਾ ਕੇਂਦਰ ਮੰਤਰੀ ਪੀ ਚਿਦੰਬਰਮ ਦੇ ਖ਼ਿਲਾਫ਼ ਏਅਰਸੈਲ ਮੈਕਿਸਸ ਕੇਸ ਫਿਰ ਖੋਲ੍ਹਿਆ ਹੈ, ਜਿਸ ਵਿੱਚ ਸੀ ਬੀ ਆਈ ਅਤੇ ਈ ਡੀ ਨੇ ਚਿਦੰਬਰਮ ਤੇ ਉਸ ਦੇ ਬੇਟੇ ਕਾਰਤੀ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਅਦਾਲਤ ਨੇ ਪਿਛਲੇ ਸਾਲ ਸਤੰਬਰ ਵਿੱਚ ਇਸ ਕੇਸ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਅਤੇ ਕਿਹਾ ਸੀ ਕਿ ਦੋਵਾਂ ਜਾਂਚ ਏਜੈਂਸੀਆਂ ਮੁਲਤਵੀ ਕਰਨ ਦੀ ਮੰਗ ਕਰਦੀਆਂ ਸਨ। ਵਰਨਣ ਯੋਗ ਹੈ ਕਿ ਅਦਾਲਤ ਨੇ ਚਿਦੰਬਰਮ ਪਿਤਾ-ਪੁੱਤਰ ਨੂੰ ਅਗੇਤੀ ਜਮਾਨਤ ਦੇ ਦਿੱਤੀ ਸੀ, ਜਿਸ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਜੋ ਮਾਮਲੇ 'ਤੇ ਚਾਰ ਮਾਰਚ ਨੂੰ ਸੁਣਵਾਈ ਕਰੇਗੀ। ਹੇਠਲੀ ਅਦਾਲਤ ਨੇ 28 ਜਨਵਰੀ ਨੂੰ ਇਸ ਕੇਸ ਦਾ ਖੁਦ ਨੋਟਿਸ ਲੈ ਕੇ ਇਸ ਦੀ ਸੁਣਵਾਈ ਸ਼ੁਰੂ ਕੀਤੀ ਅਤੇ ਕੱਲ੍ਹ ਕੇਂਦਰੀ ਜਾਂਚ ਬਿਊਰੋ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਸਥਿਤੀ ਦੀ ਰਿਪੋਰਟ ਮੰਗੀ ਹੈ।

# ਪਾਕਿਸਤਾਨ ਸਰਕਾਰ ਵੱਲੋਂ ਟਿੱਡੀ ਦਲ ਦੇ ਵਿਰੁੱਧ ਐਮਰਜੈਂਸੀ ਦਾ ਐਲਾਨ

*** ਪੰਜਾਬ ਤੋਂ ਖੈਬਰ ਪਖਤੂਨਖਵਾ ਤੱਕ ਟਿੱਡੀ ਦਲ ਦਾ ਅਸਰ**

ਇਸਲਾਮਾਬਾਦ, 2 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਸ ਵਕਤ ਟਿੱਡੀ ਦਲ ਨੇ ਇਸ ਦਹਾਕੇ ਦਾ ਸਭ ਤੋਂ ਵੱਡਾ ਹਮਲਾ ਕੀਤਾ ਹੋਇਆ ਹੈ, ਜਿਸ ਦੇ ਖਿਲਾਫ ਕਾਰਵਾਈ ਲਈ ਸਰਕਾਰ ਨੇ ਐਮਰਜੈਂਸੀ ਐਲਾਨ ਕਰ ਦਿੱਤੀ ਹੈ। ਟਿੱਡੀ ਦਲ ਦੇ ਹਮਲੇ ਨਾਲ ਪਾਕਿ ਦੇ ਪੰਜਾਬ ਸੂਬੇ ਵਿੱਚ ਫ਼ਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ।

ਅੱਜ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਹੇਠ ਹੋਈ ਕੇਂਦਰ ਸਰਕਾਰ ਦੀ ਬੈਠਕ ਵਿਚ ਫ਼ੈਸਲਾ ਕੀਤਾ ਗਿਆ ਕਿ ਜਿਹੜੇ ਚਾਰ ਰਾਜਾਂ ਵਿੱਚ ਇਹ ਸੰਕਟ ਵੱਧ ਹੈ, ਓਥੇ ਐਮਰਜੈਂਸੀ ਐਲਾਨ ਕਰ ਦਿੱਤੀ ਜਾਵੇ। ਚਾਰੇ ਰਾਜਾਂ ਦੇ ਮੰਤਰੀਆਂ ਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਵਿਚ ਨੈਸ਼ਨਲ ਐਕਸ਼ਨ ਯੋਜਨਾ (ਐੱਨ ਏ ਪੀ) ਦਾ ਐਲਾਨ ਵੀ ਕੀਤਾ ਗਿਆ ਹੈ। ਖੁਰਾਕ ਸੁਰੱਖਿਆ ਮੰਤਰੀ ਖੁਸਰੋ ਬਖਤਿਆਰ ਨੇ ਕੌਮੀ ਅਸੈਂਬਲੀ ਨੂੰ ਇਸ ਸਥਿਤੀ ਦੀ ਜਾਣਕਾਰੀ ਦਿੱਤੀ ਤੇ ਕੇਂਦਰੀ ਤੇ ਸੂਬਾ ਸਰਕਾਰਾਂ ਵੱਲੋਂ ਚੁੱਕੇ



ਗਏ ਕਦਮਾਂ ਬਾਰੇ ਦੱਸਿਆ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਅੱਜ ਕੀਤੀ ਐਮਰਜੈਂਸੀ ਮੀਟਿੰਗ ਵਿੱਚ ਦੱਸਿਆ ਕਿ ਇਕ ਉੱਚ ਪੱਧਰੀ ਕਮੇਟੀ ਖੁਰਾਕ ਸੁਰੱਖਿਆ ਮੰਤਰੀ ਖੁਸਰੋ ਬਖਤਿਆਰ ਦੀ ਅਗਵਾਈ ਹੇਠ ਬਣਾਈ ਗਈ ਹੈ ਤਾਂ ਕਿ ਟਿੱਡੀ ਦਲ ਦਾ ਸਫਾਇਆ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਕਿਸਾਨਾਂ ਅਤੇ ਜ਼ਮੀਨਾਂ ਨੂੰ ਟਿੱਡੀ ਦਲ ਤੋਂ ਬਚਾਉਣਾ ਸਰਕਾਰ ਦੀ ਪਹਿਲ ਹੈ।

ਖੁਰਾਕ ਸੁਰੱਖਿਆ ਮੰਤਰੀ ਖੁਸਰੋ ਬਖਤਿਆਰ ਦੇ ਮੁਤਾਬਕ ਟਿੱਡੀ ਦਲ ਨੇ ਪਹਿਲਾਂ ਸਿੰਧ ਅਤੇ ਪੰਜਾਬ ਦੇ ਵੱਲ ਹਮਲਾ ਕੀਤਾ ਤੇ ਫਿਰ ਖ਼ੈਬਰ ਪਖਤੂਨਖਵਾ ਵੱਲ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਟਿੱਡੀ ਦਲ ਦੇ ਹਮਲੇ ਨੂੰ ਐਮਰਜੈਂਸੀ ਐਲਾਨਣ ਨਾਲ ਇਸ ਉੱਤੇ ਛੇਤੀ ਕਾਬੂ ਪਾਉਣ ਦੀ ਆਸ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਕਪਾਹ ਅਤੇ ਕਣਕ ਨੂੰ ਟਿੱਡੀ ਦਲ ਦੇ ਹਮਲੇ ਤੋਂ ਬਚਾਉਣ ਲਈ ਕਾਫ਼ੀ ਸਫਲ ਰਹੀ ਹੈ। ਮੰਤਰੀ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਟਿੱਡੀ ਦਲ ਥੋੜ੍ਹੇ ਚਿਰ ਬਾਅਦ ਈਰਾਨ ਵੱਲ ਚਲਾ ਜਾਂਦਾ ਸੀ, ਪ੍ਰੰਤੂ ਇਸ ਵਾਰ ਤਾਪਮਾਨ ਘੱਟ ਹੋਣ ਕਾਰਨ ਪਾਕਿਸਤਾਨ ਵਿਚ ਹੀ ਹੈ।

# ਅਮਰੀਕੀ ਰਾਸ਼ਟਰਪਤੀ ਚੋਣ ਵਿੱਚ ਦੋ ਡੈਮੋਕਰੇਟ ਦਾਅਵੇਦਾਰਾਂ ਨੇ 2800 ਕਰੋੜ ਖਰਚੇ

ਵਾਸ਼ਿੰਗਟਨ, 2 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਚੋਣ ਦੇ ਲਈ ਉਮੀਦਵਾਰੀ ਬਣਨ ਵਾਸਤੇ ਕਈ ਅਰਬਪਤੀ ਮੈਦਾਨ ਵਿੱਚ ਹਨ। ਉਹ ਆਪਣੀ ਪ੍ਰਚਾਰ ਮੁਹਿੰਮ ਉਤੇ ਵੱਡੀ ਰਕਮ ਖਰਚ ਰਹੇ ਹਨ। ਮੀਡੀਆ ਮੁਗਲ ਮਾਈਕਲ ਬਲੂਮਬਰਗ ਅਤੇ ਟਾਮ ਸਟੀਅਰ ਨੇ ਪਿਛਲੇ ਸਾਲ ਆਪਣੀ ਪ੍ਰਚਾਰ ਮੁਹਿੰਮ 'ਤੇ 38.9 ਕਰੋੜ ਡਾਲਰ ਖਰਚ ਕਰ ਦਿੱਤੇ ਹਨ। ਨਿਊ ਯਾਰਕ ਦੇ ਸਾਬਕਾ ਮੇਅਰ ਬਲੂਮਬਰਗ ਨੇ ਪਿਛਲੇ ਸਾਲ ਨਵੰਬਰ ਵਿੱਚ ਆਪਣੀ ਮੁਹਿੰਮ ਸ਼ੁਰੂ ਕੀਤੀ ਸੀ ਤੇ ਉਨ੍ਹਾਂ ਨੇ ਸਿਰਫ ਦੋ ਮਹੀਨਿਆਂ ਵਿੱਚ ਪ੍ਰਚਾਰ ਉੱਤੇ 18.8 ਕਰੋੜ ਡਾਲਰ ਖਰਚ ਕੀਤੇ ਹਨ। ਪਿਛਲੇ ਸਾਲ ਜੁਲਾਈ ਵਿੱਚ ਆਪਣਾ ਪ੍ਰਚਾਰ ਸ਼ੁਰੂ ਕਰਨ ਵਾਲੇ ਸਟੀਅਰ ਨੇ ਪਿਛਲੇ ਸਾਲ 20.1 ਕਰੋੜ ਡਾਲਰ ਖਰਚ ਕੀਤੇ। ਡੈਮੋਕਰੇਟਿਕ ਪਾਰਟੀ ਵਿੱਚ ਪ੍ਰਚਾਰ ਤੇ ਖਰਚ ਦੇ ਮਾਮਲੇ ਵਿੱਚ ਬਰਨੀ ਸੈਂਡਰਜ਼ ਤੀਜੇ ਸਥਾਨ 'ਤੇ ਹਨ। ਉਨ੍ਹਾਂ ਪਿਛਲੇ ਸਾਲ 10 ਮਹੀਨਿਆਂ ਵਿੱਚ 9.7 ਕਰੋੜ ਡਾਲਰ ਖਰਚ ਕੀਤੇ ਸਨ। ਉਮੀਦਵਾਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਮੰਨੇ ਜਾਂਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੇ 1.7 ਕਰੋੜ ਡਾਲਰ ਖਰਚੇ ਸਨ। ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਉਮੀਦਵਾਰ ਦੀ ਦੌੜ 'ਚ ਇਸ ਵੇਲੇ 11 ਲੋਕ ਮੈਦਾਨ ਵਿੱਚ ਹਨ।

## ਯੂਰਪੀ ਆਗੂਆਂ ਨੇ ਬ੍ਰਿਟੇਨ ਦੇ ਵੱਖ ਹੋ ਜਾਣ ਨੂੰ 'ਯੂਰਪ ਲਈ ਨਵੀਂ ਸਵੇਰ' ਕਿਹਾ

ਬ੍ਰਸੈਲਸ, 2 ਫਰਵਰੀ (ਪੋਸਟ ਬਿਊਰੋ)- ਯੂਰਪੀ ਯੂਨੀਅਨ ਦੇ 3 ਵੱਡੇ ਆਗੂਆਂ ਨੇ ਅੱਜ ਸ਼ੁੱਕਰਵਾਰ ਬ੍ਰਿਟੇਨ ਦੇ ਵੱਖ ਹੋਣ ਦਾ ਸਵਾਗਤ ਕੀਤਾ ਤੇ ਇਸ ਨੂੰ ਯੂਰਪ ਦੀ ਨਵੀਂ ਸਵੇਰ ਕਿਹਾ। ਉਨ੍ਹਾਂ ਨੇ ਇਸ ਮੌਕੇ ਬ੍ਰਿਟੇਨ ਨੂੰ ਚਿਤਾਵਨੀ ਦਿੱਤੀ ਕਿ ਯੂਰਪੀ ਯੂਨੀਅਨ ਤੋਂ ਵੱਖ ਹੋਣ ਤੋਂ ਬਾਅਦ ਉਹ ਮੈਂਬਰਸ਼ਿਪ ਦਾ ਲਾਭ ਨਹੀਂ ਲੈ ਸਕੇਗਾ। ਯੂਰਪੀਨ ਯੂਨੀਅਨ ਕੌਂਸਲ ਦੇ ਮੁਖੀ ਚਾਰਲਸ ਮਾਈਕਲ, ਯੂਰਪੀਨ ਕਮਿਸ਼ਨ ਦੀ ਮੁਖੀ ਓਰਸੁਲਾ ਵਾਨ ਡੇਰ ਲੈਯੇਨ ਅਤੇ ਯੂਰਪੀਨ ਪਾਰਲੀਮੈਂਟ ਦੇ ਮੁਖੀ ਡੇਵਿਡ ਸਾਸਸੋਲੀ ਨੇ ਅਖ਼ਬਾਰਾਂ ਵਿਚ ਛਪੇ ਖੁੱਲ੍ਹੇ ਪੱਤਰ ਵਿਚ ਕਿਹਾ ਕਿ ਉਹ ਆਪਣੀ ਸ਼ਕਤੀ ਮੁਤਾਬਕ ਬ੍ਰਿਟੇਨ ਨਾਲ ਨਵੇਂ ਸਬੰਧਾਂ ਨੂੰ ਸਫਲ ਬਣਾਉਣਗੇ। ਇਸ ਤੋਂ ਬਾਅਦ ਬ੍ਰਿਟੇਨ ਤੇ ਯੂਰਪੀ ਯੂਨੀਅਨ ਦੇ ਰਾਹ ਵੱਖ ਹੋ ਗਏ ਹਨ।

ਵਰਨਣ ਯੋਗ ਹੈ ਕਿ ਯੂਰਪੀ ਯੂਨੀਅਨ ਵਿੱਚ ਬ੍ਰਿਟੇਨ ਦੀ 47 ਸਾਲ ਪੁਰਾਣੀ ਮੈਂਬਰਸ਼ਿਪ ਅੱਜ ਸ਼ੁੱਕਰਵਾਰ ਰਸਮੀ ਰੂਪ ਨਾਲ ਖਤਮ ਹੋ ਗਈ ਹੈ। ਬ੍ਰਿਟੇਨ ਦੇ ਲੋਕਾਂ ਨੇ ਸਾਢੇ 3 ਸਾਲ ਪਹਿਲਾਂ ਯੂਰਪੀਨ ਯੂਨੀਅਨ ਤੋਂ ਵੱਖ ਹੋਣ ਦੇ ਹੱਕ ਵਿੱਚ ਵੋਟ ਪਾਈ ਸੀ ਤੇ ਪਿਛਲੀਆਂ ਚੋਣਾਂ ਦੌਰਾਨ ਬ੍ਰਿਟੇਨ ਦੇ ਅਜੋਕੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਵਾਅਦਾ ਕੀਤਾ ਸੀ ਕਿ ਬ੍ਰੈਗਜ਼ਿਟ ਪਾਸ ਹੋਵੇਗਾ ਤੇ ਤਰੱਕੀ ਦੇ ਨਵੇਂ ਯੁੱਗ ਵਿਚ ਦੇਸ਼ ਨੂੰ ਇਕਜੁੱਟ ਕਰਨਗੇ। ਅੱਜ ਯੂਰਪੀ ਯੂਨੀਅਨ ਦੇ ਤਿੰਨ ਵੱਡੇ ਨੇਤਾਵਾਂ ਨੇ ਸਾਫ ਕਰ ਦਿੱਤਾ ਕਿ ਉਹ ਸੌਖੇ ਕੀਤੇ ਆਪਣਾ ਰੁਖ ਨਹੀਂ ਬਦਲਣਗੇ ਤੇ ਬ੍ਰਿਟੇਨ ਨਾਲ ਝੁਕ ਕੇ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਦੇ ਬਜ਼ਾਰ ਦੀ ਪੂਰੀ ਪਹੁੰਚ ਉਦੋਂ ਤੱਕ ਨਹੀਂ ਦਿੱਤੀ ਜਾਵੇਗੀ, ਜਦ ਤੱਕ ਉਹ ਯੂਰਪੀ ਕਾਮਿਆਂ, ਟੈਕਸਾਂ ਅਤੇ ਵਾਤਾਵਰਣ ਦੇ ਨਿਯਮਾਂ ਨੂੰ ਸਵੀਕਾਰ ਨਹੀਂ ਕਰਦਾ। ਉਨ੍ਹਾਂ ਨੇ ਖੁੱਲ੍ਹੇ ਪੱਤਰ ਵਿਚ ਲਿਖਿਆ ਕਿ ਕਿੰਨੇ ਨੇੜਲੇ ਸਬੰਧ ਹੋਣਗੇ, ਇਹ ਉਸ ਫੈਸਲੇ ਉੱਤੇ ਨਿਰਭਰ ਹੋਵੇਗਾ, ਜਿਹੜਾ ਅਸੀਂ ਅਜੇ ਲੈਣਾ ਹੈ। ਤੁਸੀਂ ਮੈਂਬਰ ਰਹੇ ਬਿਨਾਂ ਮੈਂਬਰਸ਼ਿਪ ਦੇ ਲਾਭ ਨਹੀਂ ਲੈ ਸਕਦੇ। ਯੂਰਪੀ ਆਗੂਆਂ ਨੇ ਕਿਹਾ ਕਿ ਮੌਜੂਦਾ ਬਦਲਾਅ ਮਹਿਸੂਸ ਨਹੀਂ ਹੋਵੇਗਾ, ਕਿਉਂਕਿ ਇਸ ਹਫਤੇ ਮਨਜ਼ੂਰ ਕੀਤੇ ਯੂਰਪੀ ਯੂਨੀਅਨ-ਬ੍ਰਿਟੇਨ ਸਮਝੌਤੇ ਵਿਚ ਤਬਦੀਲੀ ਦੇ ਲਈ ਮਿਆਦ 11 ਮਹੀਨੇ ਮਿਥੀ ਗਈ ਹੈ।

## ਹਸਪਤਾਲ ਇਮਾਰਤ ਬਣਾਉਣ ਲਈ ਜਾਅਲੀ ਕਾਮੇ ਭੇਜਣ ਵਾਲੇ ਜਗਰਾਜ ਸਿੰਘ ਮੰਡ ਨੂੰ ਕੈਦ



ਲੰਡਨ, 2 ਫਰਵਰੀ (ਪੋਸਟ ਬਿਊਰੋ)- ਇਮਾਰਤਾਂ ਬਣਾਉਣ ਵਾਲੀ ਕੰਪਨੀ ਦੇ ਮਾਲਕ ਜਗਰਾਜ ਸਿੰਘ ਮੰਡ ਨੂੰ 38 ਗੈਰ ਕਾਨੂੰਨੀ ਕਾਮਿਆਂ ਨੂੰ ਕੰਮ 'ਤੇ ਰੱਖਣ ਦੇ ਦੋਸ਼ਾਂ ਹੇਠ ਕੈਦ ਦੀ ਸਜ਼ਾ ਹੋਈ ਹੈ। ਬਰਮਿੰਘਮ ਕਰਾਊਨ ਕੋਰਟ ਵਿੱਚ ਦੱਸਿਆ ਗਿਆ ਕਿ ਗ੍ਰਹਿ ਵਿਭਾਗ ਇਮੀਗਰੇਸ਼ਨ ਇਨਫੋਰਸਮੈਂਟ ਅਤੇ ਵਿੱਤੀ ਜਾਂਚ ਅਧਿਕਾਰੀਆਂ ਵੱਲੋਂ ਕੀਤੀ ਸਾਂਝੀ ਜਾਂਚ 'ਚ ਅਕਤੂਬਰ 2016 ਵਿੱਚ ਸਮੈਦਿਕ ਵਿੱਚ ਇੱਕ ਥਾਂ 'ਤੇ ਛਾਪੇਮਾਰੀ ਕੀਤੀ ਗਈ, ਜਿੱਥੇ ਗੈਰ ਕਾਨੂੰਨੀ ਤਿੰਨ ਭਾਰਤੀ ਨਾਗਰਿਕਾਂ ਨੂੰ ਕੰਮ ਕਰਦੇ ਫੜਿਆ ਗਿਆ। ਇਸ ਮੌਕੇ ਜਗਰਾਜ ਸਿੰਘ ਮੰਡ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ, ਜੋ ਛਾਪੇਮਾਰੀ ਦੌਰਾਨ ਉਥੇ ਮੌਜੂਦ ਸੀ। ਅਦਾਲਤ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਸਾਬਤ ਹੋਇਆ ਕਿ ਮੰਡ ਨੇ 38 ਭਾਰਤੀ ਗੈਰ ਕਾਨੂੰਨੀ ਕਾਮਿਆਂ ਨੂੰ ਹਸਪਤਾਲ ਦੀ ਉਸਾਰੀ ਲਈ ਚੱਲ ਰਹੇ ਕੰਮ ਦੌਰਾਨ 24 ਅਪ੍ਰੈਲ 2016 ਤੋਂ 19 ਅਕਤੂਬਰ 2016 ਤੱਕ ਭੇਜਿਆ ਸੀ। ਤਿੰਨਾ ਜਣਿਆਂ ਨੂੰ ਮੌਕੇ 'ਤੇ ਗ੍ਰਿਫਤਾਰ ਕੀਤਾ ਗਿਆ ਸੀ, ਬਾਕੀ 35 ਦੀ ਪਛਾਣ ਜਾਂਚ ਦੌਰਾਨ ਹੋਈ। ਮੰਡ ਦੇ ਘਰ ਤਲਾਸ਼ੀ ਦੌਰਾਨ ਪ੍ਰਾਪਤ ਦਸਤਾਵੇਜ਼ਾਂ ਤੋਂ ਪਤਾ ਲੱਗਾ ਕਿ ਉਹ ਹਰ ਕਾਮੇ ਦੀ ਤਨਖਾਹ ਵਿੱਚੋਂ ਹਿੱਸਾ ਲੈਂਦਾ ਸੀ। ਉਸ ਪੈਸੇ ਬਾਰੇ ਐੱਚ ਐੱਮ ਆਰ ਸੀ ਕੋਲ ਨਹੀਂ ਦੱਸਿਆ ਗਿਆ। ਡਡਲੀ ਪੋਰਟ, ਟਿਪਟਨ ਵਾਸੀ 43 ਸਾਲਾ ਮੰਡ ਨੂੰ ਬਰਮਿੰਘਮ ਕਰਾਊਨ ਕੋਰਟ ਨੇ ਪੰਜ ਸਾਲ ਕੈਦ ਦੀ ਸਜ਼ਾ ਸੁਣਾਉਂਦਿਆਂ ਚਾਰ ਸਾਲ ਲਈ ਕਿਸੇ ਕੰਪਨੀ ਦਾ ਡਾਇਰੈਕਟਰ ਬਣਨ 'ਤੇ ਪਾਬੰਦੀ ਲਾ ਦਿੱਤੀ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative




Tel: 905.793.5777
416.802.5866
31 Melanie Dr. Unit #4 Brampton, ON L6T 5H8



Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਊਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।



VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।



Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

### ਅੰਮ੍ਰਿਤਸਰ ਡਰੱਗ ਕੇਸ

## ਬੰਦ ਹੀ ਰਹਿੰਦੀ ਸੀ ਅਕਾਲੀ ਆਗੂ ਅਨਵਰ ਮਸੀਹ ਦੀ ਕੋਠੀ

ਅੰਮ੍ਰਿਤਸਰ, 2 ਫਰਵਰੀ (ਪੋਸਟ ਬਿਊਰੋ)- ਹੈਰੋਇਨ ਫੈਕਟਰੀ ਵਜੋਂ ਵਰਤੀ ਜਾਂਦੀ ਅਕਾਲੀ ਆਗੂ ਅਨਵਰ ਮਸੀਹ ਦੀ ਕੋਠੀ ਵਿੱਚ ਕੀ ਹੁੰਦਾ ਸੀ, ਕਿਸੇ ਨੂੰ ਪਤਾ ਨਹੀਂ। ਅਕਾਲੀ ਨੇਤਾ ਦੇ ਰੁਤਬੇ ਕਾਰਨ ਸੁਲਤਾਨਵਿੰਡ ਰੋਡ ਦੇ ਆਕਾਸ਼ ਵਿਹਾਰ ਦੇ ਲੋਕ ਕੁਝ ਬੋਲਣ ਨੂੰ ਤਿਆਰ ਨਹੀਂ। ਇਸ ਕੋਠੀ 'ਚ ਕਿਰਾਏ ਉਤੇ ਰਹਿੰਦੇ ਪੰਜਾਬ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਅਕਾਲੀ ਨੇਤਾ ਤੇ ਪੰਜਾਬ ਸਰਵਿਸ ਸਿਲੇਕਸ਼ਨ ਬੋਰਡ ਦੇ ਸਾਬਕਾ ਮੈਂਬਰ ਅਨਵਰ ਮਸੀਹ ਦੀ ਕੋਠੀ ਵਿੱਚ ਕਿਰਾਏਦਾਰ ਹੈ। ਉਹ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਕਰੀਬ ਇੱਕ ਮਹੀਨਾ ਪਹਿਲਾਂ ਤੋਂ ਕੁਝ ਸ਼ੱਕੀ ਵਿਅਕਤੀ ਕੋਠੀ 'ਚ ਆਉਣਾ ਸ਼ੁਰੂ ਹੋਏ ਸਨ। ਉਸ ਨੂੰ ਪਤਾ ਲੱਗਾ ਕਿ ਮਾਲਕ ਨੇ ਉਨ੍ਹਾਂ ਨੂੰ ਕੋਠੀ ਕਿਰਾਏ 'ਤੇ ਦਿੱਤੀ ਹੈ। ਉਨ੍ਹਾ ਨੇ ਕੋਠੀ ਨੂੰ ਪੂਰੀ ਤਰ੍ਹਾਂ ਕਵਰ ਕਰ ਰੱਖਿਆ ਸੀ। ਉਸ ਲਈ ਕੋਠੀ ਦੇ ਉਸ ਹਿੱਸੇ 'ਚ ਜਾਣਾ ਤਾਂ ਦੂਰ, ਓਧਰ ਵੇਖਣਾ ਵੀ ਮੁਮਕਿਨ ਨਹੀਂ ਸੀ। ਸ਼ੁੱਕਰਵਾਰ ਜਦ ਉਸ ਨੇ ਕੋਠੀ ਦੇ ਦੁਆਲੇ ਭਾਰੀ ਗਿਣਤੀ ਵਿੱਚ ਪੁਲਸ ਦੇਖੀ ਤਾਂ ਹੈਰਾਨ ਰਹਿ ਗਿਆ। ਪਿੱਛੋਂ ਪਤਾ ਲੱਗਾ ਕਿ ਕੋਠੀ ਅੰਦਰ ਹੈਰੋਇਨ ਸਮੱਗਲਿੰਗ ਦਾ ਕੰਮ ਚੱਲ ਰਿਹਾ ਹੈ।

ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਕੁਝ ਲੋਕਾਂ ਨੇ ਦੱਸਿਆ ਕਿ ਕੋਠੀ ਹਮੇਸ਼ਾ ਅੰਦਰੋਂ ਬੰਦ ਰਹਿੰਦੀ ਸੀ। ਨਵੇਂ ਕਿਰਾਏਦਾਰ ਰਾਤ ਸਮੇਂ ਆਉਂਦੇ-ਜਾਂਦੇ ਸਨ ਤੇ ਜ਼ਿਆਦਾਤਰ ਪਿਛਲੇ ਗੇਟ ਦੀ ਵਰਤੋਂ ਕਰਦੇ ਸਨ। ਕਈ ਵਾਰ ਸ਼ੱਕ ਹੁੰਦਾ ਸੀ ਕਿ ਕੋਠੀ ਵਿੱਚ ਕੁਝ ਨਾਜਾਇਜ਼ ਧੰਦਾ ਹੋ ਰਿਹਾ ਹੈ, ਪਰ ਉਹ ਆਪਣੇ ਕੰਮ ਨਾਲ ਮਤਲਬ ਰੱਖਦੇ ਸਨ। ਕਿਸੇ ਨੇ ਕਦੀ ਪੁਲਸ ਨੂੰ ਸੂਚਿਤ ਨਹੀਂ ਕੀਤਾ, ਕਿਉਂਕਿ ਉਹ ਅਕਾਲੀ ਨੇਤਾ ਅਨਵਰ ਮਸੀਹ ਦੀ ਪਹੁੰਚ ਕਾਰਨ ਕਿਸੇ ਗੱਲ ਵਿੱਚ ਫਸਣ ਤੋਂ ਡਰਦੇ ਸਨ। ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੇ ਸ਼ੁੱਕਰਵਾਰ ਨੂੰ ਆਕਾਸ਼ ਵਿਹਾਰ ਦੀ ਉਸ ਕੋਠੀ ਵਿੱਚ ਛਾਪਾ ਮਾਰ ਕੇ ਅਫਗਾਨ ਨਾਗਰਿਕ ਅਰਮਾਨ, ਬਸ਼ਅਰਮਲ, ਸ਼ਹਿਰ ਦੇ ਵੱਡੇ ਕੱਪੜਾ ਕਾਰੋਬਾਰੀ ਅੰਕੁਸ਼ ਕਪੂਰ, ਸੁਖਬੀਰ ਸਿੰਘ, ਜਿਮ ਟ੍ਰੇਨਰ ਸੁਖਵਿੰਦਰ ਸਿੰਘ, ਮੇਜਰ ਸਿੰਘ ਤੇ ਤਮੰਨਾ ਗੁਪਤਾ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾ ਤੋਂ 194 ਕਿਲੋ ਹੈਰੋਇਨ, 205 ਲੀਟਰ ਕੈਮੀਕਲ, 38220 ਕਿਲੋ ਸ਼ੱਕੀ ਪਾਊਡਰ, 25865 ਕਿਲੋ ਕੈਫੇ ਪਾਊਡਰ ਅਤੇ ਇੱਕ ਰਿਵਾਲਵਰ ਬਰਾਮਦ ਕੀਤਾ ਸੀ। ਜਿਸ ਕੋਠੀ ਵਿੱਚ ਨਸ਼ੇ ਦੀ ਫੈਕਟਰੀ ਚੱਲਦੀ ਸੀ, ਉਥੋਂ ਸੁਲਤਾਨਵਿੰਡ ਪੁਲਸ ਚੌਕੀ ਤੋਂ ਸਿਰਫ 400 ਮੀਟਰ ਦੂਰ ਹੈ। ਪੁਲਸ ਮੁਲਾਜ਼ਮਾਂ ਨੂੰ ਇਸ ਗੱਲ ਦੀ ਭਿਣਕ ਨਹੀਂ ਲੱਗੀ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਤਨਜਾਨੀਆ ਦੇ ਚਰਚ ਵਿੱਚ ਭਾਜੜ ਮੱਚੀ, 20 ਲੋਕਾਂ ਦੀ ਮੌਤ





ਨੈਰੋਬੀ, 2 ਫਰਵਰੀ (ਪੋਸਟ ਬਿਊਰੋ)- ਤਨਜ਼ਾਨੀਆ ਦੇ ਇਕ ਚਰਚ ਦੇ ਮੈਦਾਨ ਵਿੱਚ ਹੋ ਰਹੀ ਪ੍ਰਾਰਥਨਾ ਦੌਰਾਨ ਭਾਜੜ ਮੱਚਣ ਨਾਲ 20 ਲੋਕਾਂ ਦੀ ਮੌਤ ਹੋ ਗਈ ਅਤੇ 16 ਜ਼ਖ਼ਮੀ ਹੋ ਗਏ ਹਨ।

ਕਿਲੀਮੰਜਾਰੋ ਪਹਾੜ ਦੀ ਢਲਾਣ ਉੱਤੇ ਵੱਸਦੇ ਮੋਸ਼ੀ ਸ਼ਹਿਰ ਦੇ ਕਮਿਸ਼ਨਰ ਕਿੱਪੀ ਵਾਰੀਓਬਿਆ ਦੇ ਮੁਤਾਬਕ ਇਹ ਘਟਨਾ ਸ਼ਨਿਚਰਵਾਰ ਇਕ ਮੈਦਾਨ ਵਿਚ ਵਾਪਰੀ। ਸੈਂਕੜਿਆਂ ਦੀ ਗਿਣਤੀ ਵਿਚ ਲੋਕ ਪਾਦਰੀ ਬੋਨੀਫੇਸ ਮਵਾਮਪੋਸਾ ਦੀ ਅਗਵਾਈ ਵਿੱਚ ਹੋ ਰਹੀ ਪ੍ਰਾਰਥਨਾ ਸਭਾ ਵਿਚ ਸ਼ਾਮਲ ਸਨ। ਇਸ ਮੌਕੇ ਪਾਦਰੀ ਨੇ ਜ਼ਮੀਨ ਉੱਤੇ ਕੁਝ ਮਾਤਰਾ ਵਿਚ ਤੇਲ ਸੁੱਟ ਕੇ ਦਾਅਵਾ ਕੀਤਾ ਕਿ ਇਸ ਨੂੰ ਛੂਹਣ ਨਾਲ ਨਾ ਕੇਵਲ ਘਰਾਂ ਵਿਚ ਖ਼ੁਸ਼ਹਾਲੀ ਆਉਂਦੀ ਹੈ, ਸਗੋਂ ਹਰ ਬਿਮਾਰੀ ਵੀ ਪੂਰੀ ਤਰ੍ਹਾਂ ਠੀਕ ਹੋ ਜਾਂਦੀ ਹੈ। ਸੁਣਨ ਦੇ ਬਾਅਦ ਇਹ ਪਵਿੱਤਰ ਤੇਲ ਲੈਣ ਲਈ ਭੀੜ ਬੇਕਾਬੂ ਹੋ ਗਈ ਅਤੇ ਭਾਜੜ ਮੱਚ ਗਈ। ਇਕ ਚਸ਼ਮਦੀਦ ਨੇ ਦੱਸਿਆ ਕਿ ਭਾਜੜ ਬਹੁਤ ਭਿਆਨਕ ਸੀ। ਲੋਕ ਨਿਰਦਈਪੁਣੇ ਨਾਲ ਇਕ-ਦੂਜੇ ਨੂੰ ਕੁਚਲਦੇ ਹੋਏ ਤੇਲ ਨੂੰ ਛੂਹਣ ਦਾ ਯਤਨ ਕਰ ਰਹੇ ਸਨ ਤੇ ਭਾਜੜ ਮੱਚਦੇ ਸਾਰ ਪਾਦਰੀ ਫ਼ਰਾਰ ਹੋ ਗਿਆ।

ਤਨਜ਼ਾਨੀਆ ਦੇ ਪੁਲਿਸ ਮੁਖੀ ਸਾਈਮਨ ਸਿਰੋ ਨੇ ਦੱਸਿਆ ਕਿ ਪੁਲਿਸ ਇਸ ਦੀ ਜਾਂਚ ਕਰ ਰਹੀ ਹੈ। ਇਸ ਦੇਸ਼ ਵਿਚ ਬੀਤੇ ਸਾਲਾਂ ਵਿਚ ਚਮਤਕਾਰਾਂ ਦਾ ਦਾਅਵਾ ਕਰਦੇ ਪਾਦਰੀਆਂ ਦੀ ਗਿਣਤੀ ਚੋਖੀ ਵਧੀ ਹੈ। ਇਹ ਲੋਕਾਂ ਨੂੰ ਗ਼ਰੀਬੀ ਤੋਂ ਬਾਹਰ ਕੱਢਣ ਦੇ ਨਾਲ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਬਿਮਾਰੀ ਤੋਂ ਨਿਜਾਤ ਦਿਵਾਉਣ ਦਾ ਵਾਅਦਾ ਕਰਦੇ ਹਨ।

## 24 ਬੱਚਿਆਂ ਨੂੰ ਬੰਦੀ ਬਣਾਉਣ ਵਾਲੇ ਬਦਮਾਸ਼ ਦੀ ਪਤਨੀ ਦੀ ਪਿੰਡ ਵਾਲਿਆਂ ਹੱਥੋਂ ਕੁੱਟ ਨਾਲ ਮੌਤ

ਫਾਰੂਖਾਬਾਦ, 2 ਫਰਵਰੀ (ਪੋਸਟ ਬਿਊਰੋ)- ਫਰੁਰਖਾਬਾਦ ਦੇ ਕਰਥਿਆ ਪਿੰਡ ਵਿੱਚ 24 ਬੱਚਿਆਂ ਨੂੰ ਬੰਦੀ ਬਣਾਉਣ ਵਾਲੇ ਬਦਮਾਸ਼ ਸੁਭਾਸ਼ ਬਾਥਮ ਨੂੰ ਪੁਲਸ ਨੇ ਕਰੀਬ 11 ਘੰਟੇ ਬਾਅਦ ਦੇਰ ਰਾਤ ਮਾਰ ਦਿੱਤਾ ਅਤੇ ਸਾਰੇ ਬੱਚਿਆਂ ਨੂੰ ਛੁਡਾ ਲਿਆ, ਪਰ ਉਥੇ ਭੀੜ ਦੀ ਕੁੱਟ ਨਾਲ ਜ਼ਖ਼ਮੀ ਉਸਦੀ ਪਤਨੀ ਰੂਬੀ ਦੀ ਕੱਲ੍ਹ ਹਸਪਤਾਲ ਵਿੱਚ ਇਲਾਜ ਦੇ ਦੌਰਾਨ ਮੌਤ ਹੋ ਗਈ। ਬਾਥਮ ਨੇ ਆਪਣੀ ਬੇਟੀ ਦੀ ਜਨਮਦਿਨ ਪਾਰਟੀ ਦੇ ਨਾਮ ਉੱਤੇ ਪਿੰਡ ਦੇ ਬੱਚਿਆਂ ਨੂੰ ਘਰ ਬੁਲਾਇਆ ਅਤੇ ਉਨ੍ਹਾਂ ਬੰਦੀ ਬਣਾ ਲਿਆ ਸੀ। ਬੱਚਿਆਂ ਦੀ ਉਮਰ ਛੇ ਮਹੀਨੇ ਤੋਂ 15 ਸਾਲ ਦੀ ਸੀ।

ਵਰਣਨ ਯੋਗ ਹੈ ਕਿ ਇਸ ਮੌਕੇ ਓਥੇ ਪਹੁੰਚੀ ਪੁਲਸ 'ਤੇ ਬਾਥਮ ਨੇ ਹਥਗੋਲਾ ਸੁੱਟਿਆ ਅਤੇ ਗੋਲੀ ਵੀ ਚਲਾਈ ਸੀ। ਪੁਲਸ ਦੇਰ ਰਾਤ ਉਸ ਦੇ ਘਰ ਦਾ ਪਿਛਲਾ ਦਰਵਾਜ਼ਾ ਤੋੜ ਕੇ ਅੰਦਰ ਗਈ ਤਾਂ ਬਾਥਮ ਅਤੇ ਉਸ ਦੀ ਪਤਨੀ ਨੇ ਅੱਗੇ ਦਾ ਦਰਵਾਜ਼ਾ ਖੋਲ੍ਹ ਕੇ ਦੌੜਨ ਦੀ ਕੋਸ਼ਿਸ਼ ਕੀਤੀ, ਪਰ ਬਾਥਮ ਪੁਲਸ ਦੀ ਗੋਲੀ ਨਾਲ ਮਾਰਿਆ ਗਿਆ ਸੀ। ਭੀੜ ਨੇ ਉਸਦੀ ਪਤਨੀ ਨੂੰ ਪੱਥਰਾਂ ਨਾਲ ਹਮਲਾ ਕਰ ਜ਼ਖਮੀ ਕਰ ਦਿੱਤਾ ਸੀ, ਪਰ ਪੁਲਸ ਨੇ ਉਸ ਨੂੰ ਬਚਾ ਕੇ ਹਸਪਤਾਲ ਵਿੱਚ ਭਰਤੀ ਕਰਵਾਇਆ ਸੀ। ਬੰਦੀ ਬੱਚਿਆਂ ਨੇ ਦੱਸਿਆ ਕਿ ਬਾਥਮ ਨੇ ਉਨ੍ਹਾਂ ਨੂੰ ਖਾਣ ਨੂੰ ਬਿਸਕੁਟ ਦਿੱਤੇ ਸੀ ਤੇ ਧਮਕੀ ਦੇ ਰਿਹਾ ਸੀ ਕਿ ਚੀਕੇ ਤਾਂ ਗੋਲੀ ਮਾਰ ਕੇ ਮਾਰ ਦੇਵੇਗਾ। ਪਿੰਡ ਵਾਲਿਆਂ ਨੇ ਕਿਹਾ ਕਿ ਆਪਣੇ ਮਾਸੜ ਦੇ ਕਤਲ ਕੇਸ ਵਿੱਚ ਜਮਾਨਤ 'ਤੇ ਛੁੱਟ ਕੇ ਆਏ ਬਾਥਮ ਨੇ ਕੇਸ ਮੁਕਾਉਣ ਲਈ ਬੱਚਿਆਂ ਨੂੰ ਬੰਦੀ ਬਣਾਉਣ ਦੀ ਕੋਸ਼ਿਸ਼ ਰਚੀ ਸੀ।

## ਸਿੱਧੂ ਮੂਸੇਵਾਲਾ ਅਤੇ ਮਨਕੀਰਤ ਔਲਖ ਦੇ ਖਿਲਾਫ ਕੇਸ ਦਰਜ

ਮਾਨਸਾ, 2 ਫਰਵਰੀ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਤੇ ਮਨਕੀਰਤ ਔਲਖ ਦੇ ਖਿਲਾਫ ਥਾਣਾ ਸਦਰ ਮਾਨਸਾ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਪੁਲਸ ਨੇ ਦੱਸਿਆ ਕਿ ਦੋਵੇਂ ਗਾਇਕਾਂ ਨੇ ਇੰਸਟਾਗ੍ਰਾਮ ਉਤੇ ਹਥਿਆਰਾਂ ਨੂੰ ਉਤਸ਼ਾਹਤ ਕਰਨ ਤੇ ਔਰਤਾਂ ਦਾ ਨਿਰਾਦਰ ਕਰਨ ਵਾਲਾ ਗੀਤ 'ਪੱਖੀਆਂ ਪੱਖੀਆਂ ਪੱਖੀਆਂ, ਗੰਨ ਵਿੱਚ ਪੰਜ ਗੋਲੀਆਂ ਤੇਰੇ ਪੰਜਾਂ ਵੀਰਾਂ ਲਈ ਰੱਖੀਆਂ' ਦੇ ਕਾਰਨ ਪਿੰਡ ਮੂਸਾ ਦੇ ਵਸਨੀਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ, ਮਨਕੀਰਤ ਔਲਖ ਅਤੇ ਪੰਜ, ਸੱਤ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਐਡਵੋਕੇਟ ਐੱਚ ਸੀ ਅਰੋੜਾ ਨੇ ਉਕਤ ਦੋਵੇਂ ਗਾਇਕਾਂ ਵੱਲੋਂ ਗਾਏ ਇਤਰਾਜ਼ ਯੋਗ ਗੀਤ ਦੇ ਵਿਰੁੱਧ ਹਾਈ ਕੋਰਟ ਤੋਂ ਕਾਰਵਾਈ ਕਰਵਾਉਣ ਲਈ ਅਰਜ਼ੀ ਦਿੱਤੀ ਸੀ। ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਜ਼ਿਲਾ ਅਟਾਰਨੀ ਮਾਨਸਾ ਤੋਂ ਸਲਾਹ ਲੈ ਕੇ ਇਹ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਗਾਇਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ, ਛੇਤੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਬਹਿਬਲ ਕਾਂਡ ਦੇ ਮੁੱਖ ਗਵਾਹ ਦੀ ਪਤਨੀ ਦੇ ਬਿਆਨਾਂ ਉੱਤੇ ਤਿੰਨ ਜਣਿਆਂ ਖ਼ਿਲਾਫ਼ ਕੇਸ ਦਰਜ



ਬਾਜਾਖਾਨਾ, 2 ਫਰਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਵਾਲੇ ਗੋਲੀ ਕਾਂਡ ਦੇ ਮੁੱਖ ਗਵਾਹ ਸੁਰਜੀਤ ਸਿੰਘ ਦੀ ਪਤਨੀ ਜਸਬੀਰ ਕੌਰ ਦੇ ਬਿਆਨਾਂ ਉੱਤੇ ਬਾਜਖਾਨਾ ਪੁਲਸ ਨੇ ਤਿੰਨ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

15 ਜਨਵਰੀ ਨੂੰ ਦਿਲ ਦਾ ਦੌਰਾ ਪੈਣ ਨਾਲ ਗੁਜ਼ਰ ਗਏ ਮੁੱਖ ਗਵਾਹ ਸੁਰਜੀਤ ਸਿੰਘ ਦੀ ਪਤਨੀ ਜਸਵੀਰ ਕੌਰ ਨੇ ਪੁਲਸ ਦੱਸਿਆ ਕਿ 2018 ਵਿੱਚ ਉਨ੍ਹਾਂ ਦੇ ਘਰ ਤੋਂ ਹਾਈ ਵੋਲਟੇਜ਼ ਬਿਜਲੀ ਦੀਆਂ ਤਾਰਾਂ ਲੰਘਾਉਣ ਅਤੇ ਟਰਾਂਸਫ਼ਾਰਮਰ ਲਾਉਣ ਬਾਰ੍ਹ ਪਿੰਡ ਬਹਿਬਲ ਕਲਾਂ ਦੇ ਜੱਟ ਸਭਾ ਦੇ ਆਗੂ ਮਨਜਿੰਦਰ ਸਿੰਘ ਉਰਫ਼ ਬਿੱਟਾ, ਉਸ ਦੇ ਸਕੇ ਭਰਾ ਜਗਦੀਪ ਸਿੰਘ ਅਤੇ ਚਚੇਰੇ ਭਰਾ ਲਵਪ੍ਰੀਤ ਸਿੰਘ ਉਰਫ਼ ਲਵਲੀ ਨਾਲ ਝਗੜਾ ਹੋਇਆ ਸੀ। ਉਦੋਂ ਤੋਂ ਦੋਵਾਂ ਧਿਰਾਂ ਵਿੱਚ ਕੁੜੱਤਣ ਵਾਲਾ ਮਾਹੌਲ ਚੱਲ ਰਿਹਾ ਸੀ। ਉਸ ਨੇ ਦੋਸ਼ ਲਾਇਆ ਕਿ 18 ਦਸੰਬਰ 2018 ਅਤੇ 15 ਨਵੰਬਰ 2019 ਨੂੰ ਮਨਜਿੰਦਰ ਸਿੰਘ ਨੇ ਆਪਣੇ ਘਰ ਹਵਾ 'ਚ ਗੋਲੀਆਂ ਚਲਾਈਆਂ ਤੇ ਸੁਰਜੀਤ ਸਿੰਘ ਦੇ ਪਰਵਾਰ ਨੂੰ ਮਾਰਨ ਦੀ ਧਮਕੀ ਦਿੱਤੀ। ਉਨ੍ਹਾਂ ਨੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਪੁਲਸ ਨੂੰ ਦਰਖ਼ਾਸਤਾਂ ਦਿੱਤੀਆਂ, ਪਰ ਕੋਈ ਕਾਰਵਾਈ ਨਹੀਂ ਹੋਈ। ਸੁਰਜੀਤ ਸਿੰਘ ਦੇ ਪੁੱਤਰ ਲਖਵਿੰਦਰ ਸਿੰਘ ਨੇ ਪਾਵਰਕਾਮ ਦੇ ਕੁਝ ਅਧਿਕਾਰੀਆਂ ਅਤੇ ਬਰਗਾੜੀ ਪੁਲਸ ਚੌਕੀ ਦੇ ਦੋ ਅਧਿਕਾਰੀਆਂ ਨੂੰ ਪਰਚੇ ਵਿੱਚ ਨਾਮਜ਼ਦ ਨਾ ਕੀਤੇ ਜਾਣ 'ਤੇ ਇਤਰਾਜ਼ ਕੀਤਾ ਹੈ। ਕੁਝ ਸਮਾਂ ਪਹਿਲਾਂ ਪਾਵਰਕਾਮ ਵੱਲੋਂ ਸੁਰਜੀਤ ਸਿੰਘ ਕੋਲੋਂ ਬਿਜਲੀ ਚੋਰੀ ਦੇ ਮਾਮਲੇ ਤਹਿਤ ਕਰੀਬ 50 ਹਜ਼ਾਰ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ ਸੀ।

## ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਹਾਈ ਕੋਰਟ ਨੇ ਰੋਕੀ

ਬਠਿੰਡਾ, 2 ਫਰਵਰੀ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਦੀ ਚੋਣ ਉੱਤੇ ਰੋਕ ਲਾ ਦਿੱਤੀ ਹੈ। ਇਹ ਚੋਣ ਦਸੰਬਰ 2019 ਵਿੱਚ ਹੋਈ ਸੀ ਤੇ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਚੇਅਰਪਰਸਨ ਮਨਜੀਤ ਕੌਰ ਅਤੇ ਵਾਈਸ ਚੇਅਰਮੈਨ ਗੁਰਇਕਬਾਲ ਸਿੰਘ ਚਹਿਲ ਵੱਲੋਂ ਕੋਈ ਫੈਸਲਾ ਲੈਂਣ ਉੱਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 24 ਮਾਰਚ 2020 ਨੂੰ ਇਸ ਚੋਣ ਦੇ ਨਾਲ ਸੰਬੰਧਤ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਵੀ ਦਿੱਤੇ ਹਨ। ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਦੀ ਮੈਂਬਰ ਤੇ ਚੇਅਰਪਰਸਨ ਬਣਨ ਦੀ ਦਾਅਵੇਦਾਰ ਸੁਖਪਾਲ ਕੌਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਕਿਹਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਨਿਯਮਾਂ ਅਨੁਸਾਰ ਨਹੀਂ ਕਰਾਈ ਗਈ ਤੇ ਵੋਟਿੰਗ ਕਰਾਉਣ ਦੀ ਥਾਂ ਦੋਵੇਂ ਅਹੁਦੇ ਐਲਾਨੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਚੋਣ ਵਿੱਚ ਪੰਚਾਇਤੀ ਰਾਜ ਐਕਟ ਦਾ ਪਾਲਣ ਨਹੀਂ ਹੋਇਆ ਤੇ ਬਹੁਤੇ ਮੈਂਬਰਾਂ ਦਾ ਸਮੱਰਥਨ ਉਨ੍ਹਾਂ ਕੋਲ ਹੋਣ ਕਾਰਨ ਉਨ੍ਹਾਂ ਦਾ ਚੇਅਰਪਰਸਨ ਬਣਨਾ ਯਕੀਨੀ ਸੀ, ਪਰ ਇੱਕ ਮੰਤਰੀ ਵੱਲੋਂ ਸ਼ਹਿ ਕਾਰਨ ਪ੍ਰਸ਼ਾਸ਼ਨ ਨੇ ਮਨਜੀਤ ਕੌਰ ਨੂੰ ਚੇਅਰਪਰਸਨ ਅਤੇ ਗੁਰਇਕਬਾਲ ਸਿੰਘ ਚਹਿਲ ਨੂੰ ਵਾਈਸ ਚੇਅਰਮੈਨ ਬਣਾ ਦਿੱਤਾ ਹੈ। ਸੁਖਪਾਲ ਕੌਰ ਨੇ ਇਸ ਅਰਜ਼ੀ ਵਿੱਚ ਐੱਸ ਡੀ ਐੱਮ ਬਠਿੰਡਾ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਪਰਸਨ ਮਨਜੀਤ ਕੌਰ ਅਤੇ ਵਾਈਸ ਚੇਅਰਮੈਨ ਗੁਰਇਕਬਾਲ ਸਿੰਘ ਚਹਿਲ ਦੇ ਨਾਲ ਪੰਜਾਬ ਸਰਕਾਰ ਨੂੰ ਧਿਰ ਬਣਾਇਆ ਹੈ। ਇਸ ਸੁਣਵਾਈ ਦੌਰਾਨ ਹਾਈ ਕੋਰਟ ਨੇ ਦੋਵਾਂ ਅਹੁਦਿਆਂ ਉੱਤੇ ਰੋਕ ਲਾ ਦਿੱਤੀ ਅਤੇ ਚੋਣ ਦਾ ਸਾਰਾ ਰਿਕਾਰਡ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਸਿੱਖ ਫੁੱਟਬਾਲ ਕੱਪ ਦੇਸ਼-ਵਿਦੇਸ਼ 'ਚ ਸਿੱਖ ਪਛਾਣ ਪ੍ਰਤੀ ਚੇਤਨਾ ਪ੍ਰਫੁੱਲਤ ਕਰੇਗਾ : ਸੰਧੂ



ਫਤਹਿਗੜ੍ਹ ਸਾਹਿਬ, 2 ਫਰਵਰੀ: ਖਾਲਸਾ ਫੁੱਟਬਾਲ ਕਲੱਬ (ਖਾਲਸਾ ਐਫ.ਸੀ.) ਅਤੇ ਗਲੋਬਲ ਸਿੱਖ ਸਪੋਰਟਸ ਫੈਡਰੇਸ਼ਨ ਵਲੋਂ ਪੰਜਾਬ ਭਰ ਵਿਚ ਆਰੰਭੇ ਪਹਿਲੇ ਸਿੱਖ ਫੁੱਟਬਾਲ ਕੱਪ ਦੇ ਦੋ ਪ੍ਰੀ-ਕੁਆਟਰ ਮੈਚਾਂ ਦਾ ਆਯੋਜਨ ਅੱਜ ਇਥੇ ਮਾਤਾ ਗੁਜਰੀ ਕਾਲਜ ਵਿਖੇ ਹੋਇਆ ਜਿਸ ਦੌਰਾਨ ਇੱਕ ਬੇਹੱਦ ਰੌਚਕ ਤੇ ਫਸਵੇਂ ਮੁਕਾ-ਬਲੇ ਦੌਰਾਨ ਖਾਲਸਾ ਐਫ.ਸੀ. ਰੂਪਨਗਰ ਦੀ ਟੀਮ ਨੇ ਖਾਲਸਾ ਐਫ.ਸੀ. ਫਤਹਿਗੜ੍ਹ ਸਾਹਿਬ ਨੂੰ ਟਾਈ-ਬ੍ਰੇਕਰ ਦੌਰਾਨ 6-5 ਨਾਲ ਹਰਾ ਦਿੱਤਾ। ਦੂਜੇ ਮੈਚ ਦੌਰਾਨ ਖਾਲਸਾ ਐਫ.ਸੀ. ਚੰਡੀਗੜ੍ਹ ਦੀ ਟੀਮ ਨੇ ਖਾਲਸਾ ਐਫ.ਸੀ. ਮੁਹਾਲੀ ਨੂੰ 2-1 ਨਾਲ ਹਰਾਇਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਤੋਂ ਇਲਾਵਾ ਖਾਲਸਾ ਫੁੱਟਬਾਲ ਕਲੱਬ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਇੰਦਰਜੀਤ ਸਿੰਘ ਸੰਧੂ, ਸੀਨੀਅਰ ਅਕਾਲੀ ਨੇਤਾ ਰਣਜੀਤ ਸਿੰਘ ਲਿਬੜਾ, ਡਾ. ਕਸ਼ਮੀਰ ਸਿੰਘ ਪ੍ਰਿੰਸੀਪਲ ਮਾਤਾ ਗੁਜਰੀ ਕਾਲਜ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਗਰੇਵਾਲ਼ ਵੀ ਹਾਜ਼ਰ ਸਨ।

ਟੂਰਨਾਮੈਂਟ ਦੀ ਆਰੰਭਤਾ ਮੌਕੇ ਕਰਨੈਲ ਸਿੰਘ ਪੰਜੋਲੀ ਨੇ ਸਮੂਹ ਦਰਸ਼ਕਾਂ, ਖਿਡਾਰੀਆਂ ਤੇ ਪਤਵੰਤੇ ਸੱਜਣਾਂ ਨੂੰ ਮੂਲ ਮੰਤਰ ਦਾ ਪੰਜ ਵਾਰ ਉਚਾਰਨ ਕਰਵ-ਾਇਆ ਅਤੇ ਟੂਰਨਾਮੈਂਟ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਇਸ ਮੌਕੇ ਗੱਤਕਈ ਸਿੰਘਾਂ ਨੇ ਜੰਗਜੂ ਕਲਾ ਦੇ ਜੌਹਰ ਵੀ ਦਿਖਾਏ।

ਇਸ ਮੌਕੇ ਬੋਲਦਿਆਂ ਸ. ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਇਹ ਸਿੱਖ ਕੌਮ ਲਈ ਮਾਣ ਤੇ ਖ਼ੁਸ਼ੀ ਵਾਲੀ ਗੱਲ ਹੈ ਕਿ ਖਾਲਸਾ ਫੁੱਟਬਾਲ ਕਲੱਬ ਵਲੋਂ ਸਿੱਖ ਪਛਾਣ ਨੂੰ ਦੇਸ਼-ਵਿਦੇਸ਼ ਵਿੱਚ ਉਜਾਗਰ ਕਰਨ ਹਿੱਤ ਸਾਬਤ-ਸੂਰਤ ਖਿਡਾਰੀਆਂ ਦਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਉਨਾਂ ਖਿਡਾਰੀਆਂ ਨੂੰ ਆਪਣੀ ਮੂਲ ਪਛਾਣ ਕਾਇਮ ਰਖਣ ਅਤੇ ਸਿੱਖੀ ਸਰੂਪ ਨੂੰ ਵਿਦੇਸ਼ਾਂ ਤੱਕ ਪ੍ਰਫੁਲੱਤ ਕਰਨ ਦਾ ਸੱਦਾ ਦਿੱਤਾ ਅਤੇ ਹੋਰਨਾਂ ਖੇਡਾਂ ਵਿਚ ਵੀ ਸਿੱਖ ਖਿਡਾਰੀਆਂ ਨੂੰ ਆਪਣਾ ਮੂਲ ਸਰੂਪ ਕਾਇਮ ਰੱਖਣ ਲਈ ਆਖਿਆ।

ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਦੱਸਿਆ ਕਿ ਇਹ ਫੁੱਟਬਾਲ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਉਨਾ ਕਿਹਾ ਕਿ ਇਹ ਨਿਵੇਕਲਾ 'ਕੇਸਧਾਰੀ' ਖੇਡ ਉਸਤਵ ਪੰਜਾਬੀ ਸੱਭਿਆਚਾਰ ਦੇ ਨਾਲ-ਨਾਲ ਸਿੱਖ ਪਛਾਣ ਪ੍ਰਤੀ ਚੇਤਨਾ ਨੂੰ ਵੀ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨ ਵਿੱਚ ਸਹਾਈ ਹੋਵੇਗਾ। ਉਨਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਾਬਤ ਸੂਰਤ ਖਿਡਾਰੀਆਂ ਨੂੰ ਪ੍ਰਮੋਟ ਕਰਨ ਲਈ ਖਾਲਸਾ ਐਫ.ਸੀ. ਦਾ ਤਨੋ-ਮਨੋ-ਧਨੋ ਸਹਿਯੋਗ ਕਰਨ। ਉਨਾ ਕਿਹਾ ਕਿ ਇਹ ਸਾਬਤ ਸੂਰਤ ਕੱਪ ਖੇਡਾਂ ਦੇ ਖੇਤਰ ਵਿੱਚ ਪੰਜਾਬੀਆਂ ਦੀ ਗਵਾਚੀ ਪੁਰਾਣੀ ਸ਼ਾਖ ਨੂੰ ਬਹਾਲ ਕੀਤਾ ਜਾ ਸਕੇ।

ਇਸ ਮੌਕੇ ਕੰਵਰ ਹਰਬੀਰ ਸਿੰਘ ਢੀਂਡਸਾ ਨੇ ਖਾਲਸਾ ਐਫ.ਸੀ. ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਸਾਬਤ ਸੂਰਤ ਖਿਡਾਰੀਆਂ ਲਈ ਖੇਡ ਮੌਕੇ ਮੁਹੱਈਆ ਕਰਵਾਉਣ ਦੀ ਸਰਾਹਨਾ ਕੀਤੀ। ਰਣਜੀਤ ਸਿੰਘ ਲਿਬੜਾ ਨੇ ਖਾਲਸਾ ਐਫ.ਸੀ. ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ਼ ਸਿੱਖ ਖਿਡਾਰੀਆਂ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਉਤਮ ਦੱਸਦਿਆਂ ਇਸ ਟੂਰਨਾਮੈਂਟ ਨੂੰ ਖੇਡਾਂ ਦੇ ਖੇਤਰ ਵਿਚ ਇਕ ਨਵਾਂ ਅਧਿਆਏ ਜੁੜ ਜਾਣ ਦੀ ਗੱਲ ਆਖੀ।

ਇਸ ਮੌਕੇ ਹੋਰਨਾ ਤੋਂ ਇਲਾਵਾ ਅਮਨਦੀਪ ਸਿੰਘ ਅਬਿਆਣਾ, ਜਤਿੰਦਰ ਸਿੰਘ ਮਾਨ, ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ, ਕੁਲਵਿੰਦਰ ਸਿੰਘ ਡੇਰਾ, ਗੁਰਿੰਦਰਪਾਲ ਸਿੰਘ ਬਾਜਵਾ, ਹਰਜਿੰਦਰ ਸਿੰਘ ਵਿਰਕ, ਨੱਥਾ ਸਿੰਘ ਗੁਰਦਵਾਰਾ ਮੈਨੇਜਰ, ਕੋਚ ਅਮਰਜੀਤ ਸਿੰਘ ਕੋਹਲੀ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਸਰਾਓ ਆਦਿ ਵੀ ਹਾਜ਼ਰ ਸਨ।

# ਡੀ.ਸੀ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਖੁੱਲ੍ਹਾ ਦਰਬਾਰ ਲਾਇਆ

ਫਰੀਦਕੋਟ, 2 ਫਰਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਦੀ ਪ੍ਰਧਾਨਗੀ ਹੇਠ ਸਥਾਨਕ ਅਸ਼ੋਕਾ ਚੱਕਰ ਹਾਲ ਵਿੱਚ ਲੋਕਾਂ ਦੀਆਂ ਵੱਖ ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨਾਂ ਦੇ ਨਿਪਟਾਰੇ ਲਈ ਖੁੱਲੇ ਦਰਬਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ 10 ਦੇ ਕਰੀਬ ਸ਼ਿਕਾਇਤਕਰਤਾ/ਆਮ ਲੋਕਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਅਰਜੀਆਂ ਪੇਸ਼ ਕੀਤੀਆਂ ਗਈਆਂ ਜਿਨਾਂ ਵਿੱਚ ਡੀ.ਸੀ. ਦਫਤਰ, ਪੁਲਿਸ ਵਿਭਾਗ, ਮੰਡੀ ਬੋਰਡ, ਨਗਰ ਕੌਂਸਿਲਾਂ, ਮਾਲ ਵਿਭਾਗ, ਮਗਨਰੇਗਾ, ਬਿਜਲੀ ਬੋਰਡ, ਸੀਵਰੇਜ ਬੋਰਡ, ਖੇਤੀਬਾੜੀ, ਰੋਜ਼ਗਾਰ ਵਿਭਾਗ, ਵਣ ਵਿਭਾਗ, ਸਹਿਕਾਰਤਾ ਵਿਭਾਗ, ਸਿਹਤ ਵਿਭਾਗ ਅਤੇ ਜਨ ਸਿਹਤ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋਈਆਂ । ਜਿਨਾਂ ਨੂੰ ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ । ਇਸ ਮੌਕੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਮੀਟਿੰਗ ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਮਿੱਥੇ ਸਮੇਂ ਵਿੱਚ ਹੱਲ ਕਰਕੇ ਇਸ ਸਬੰਧੀ ਪ੍ਰਾਰਥੀ ਅਤੇ ਡੀ.ਸੀ. ਦਫਤਰ ਨੂੰ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ । ਉਨਾਂ ਇਸ ਮੌਕੇ ਪਿਛਲੇ ਖੁੱਲੇ ਦਰਬਾਰ ਦੀਆਂ ਬਕਾਇਆ ਪਈਆਂ ਅਰਜੀਆਂ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਆਦੇਸ਼ ਦਿੱਤੇ।

ਸੰਗਤ ਦਰਸ਼ਨ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਹ ਵੀ ਆਦੇਸ਼ ਦਿੱਤੇ ਕਿ ਕੋਈ ਵੀ ਅਧਿਕਾਰੀ ਆਪਣੇ ਕਰਮਚਾਰੀ/ਨੁਮਾਇੰਦੇ ਨੂੰ ਨਹੀਂ ਭੇਜੇਗਾ ਅਤੇ ਅਧਿਕਾਰੀ ਮੀਟਿੰਗ ਵਿੱਚ ਨਾ ਹਾਜ਼ਰ ਹੋਣ ਸਬੰਧੀ ਕਾਰਣ ਸਮੇਤ ਉਨ੍ਹਾਂ ਦੇ ਦਫਤਰ ਵਿਖੇ ਅਗਾਊਂ ਸੂਚਨਾ ਦੇਵੇਗਾ।

ਇਸ ਮੀਟਿੰਗ ਵਿੱਚ ਐਸ.ਡੀ.ਐਮ. ਡਾ. ਮਨਦੀਪ ਕੌਰ ਐਸ.ਡੀ.ਐਮ. ਜੈਤੋ/ਕੋਟਕਪੂਰਾ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।


CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

ਕੈਨੇਡੀਅਨ ਪੰਜਾਬੀ ਪੋਸਟ | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
- Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 647.898.4042/416.505.6857 (Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
$1,000
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760
Email: info@gf1security.com
1085 Bellamy Rd (N) Unit #210 Scarbrough (Toronto) 647-929-7736
Web: www.gf1security.com
REVIVE EMS CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8
FOR LEASE Lease: $2,599 Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE $120,000 VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT INSURED & BONDED EVERY SERVICE WITH WARRANTY SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call 416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd. 80 Eastern Ave, Brampton, ON Tel: 905.456.9090

# ਤਾਏ ਦੀ ਨਿਸ਼ਾਨੀ

ਭਾਈਆ ਜੀ (ਦਾਦਾ ਜੀ) ਅਤੇ ਭਾਪਾ ਜੀ ਵਲੋਂ ਸਾਨੂੰ ਕਈ ਵਾਰ ਇਹ ਹਿਦਾਇਤ ਦੀਤੀ ਜਾਦੀ ਸੀ ਕਿ ਸਾਡੇ ਘਰ ਦੇ ਇਕ ਬਜੁਰਗ ਨੌਕਰ ਜਿਸ ਨੂੰ ਆਮ ਹੀ ਨਿਹਾਲਾ ਕਿਹਾ ਜਾਦਾ ਸੀ ਉਹਨਾਂ ਨੂੰ ਭਾਈ ਜੀ ਕਿਹਾ ਕਰੋ। ਜਦੋਂ ਕਦੀ ਸਾਡੇ ਮੂੰਹ ਵਿਚੋਂ ਨਿਹਾਲਾ ਨਿਕਲ ਜਾਂਦਾ ਤਾਂ ਭਾਈਆ ਜੀ, ਭਾਪਾ ਜੀ, ਬੇਬੇ ਜੀ (ਦਾਦੀ ਜੀ) ਜਾ ਬੀਬੀ ਜੀ ਵਲੋਂ ਸਾਨੂੰ ਸਖਤ ਤਾੜਨਾ ਕੀਤੀ ਜਾਂਦੀ ਕਿ ਭਾਈ ਜੀ ਕਿਹਾ ਕਰੋ। ਬਚਪਨ ਵਿਚ ਤਾਂ ਭਾਵੇਂ ਇਸ ਗਲ ਦੀ ਸਮਝ ਨਹੀ ਸੀ ਆਉਂਦੀ ਕਿ ਗੁਰਾ ਅਤੇ ਫੀਕਾਂ ਵੀ ਤਾਂ ਇਸ ਤਰਾਂ ਦੇ ਹੀ ਨੌਕਰ ਹਨ ਉਹਨਾਂ ਬਾਰੇ ਤਾਂ ਕਦੀ ਨਹੀ ਕਿਹਾ ਭਾਈ ਨਿਹਾਲ ਮਸੀਹ ਬਾਰੇ ਕਿਉਂ ਇਸ ਤਰਾਂ ਕਿਹਾ ਜਾਂਦਾ ਹੈ, ਪਰ ਜਦ ਅਸੀ ਹੋਸ਼ ਸੰਭਾਲੀ ਤਾਂ ਭਾਈ ਨਿਹਾਲ ਮਸੀਹ ਦੀ ਕੁਰਬਾਨੀ ਨੂੰ ਅਸੀ ਹੀ ਹੋਰ ਲੋਕਾਂ ਨੂੰ ਦੱਸਦੇ ਹੁੰਦੇ ਸਾਂ ਜਿਸ ਦੀ ਮਿਸਾਲ ਬਹੁਤ ਹੀ ਘਟ ਮਿਲਦੀ ਹੈ।

1947 ਦੀ ਵੰਡ ਵੇਲੇ ਸਾਡਾ ਸਾਰਾ ਹੀ ਪ੍ਰੀਵਾਰ ਲੋੜੀਂਦਾ ਸਮਾਨ ਲੈ ਕੇ ਟਰੱਕ ਰਾਹੀਂ ਵਾਹਗੇ ਵਾਲੀ ਸਰਹਦ ਪਾਰ ਕਰ ਗਿਆ ਜਦੋ ਕਿ ਭਾਪਾ ਜੀ ਹੋਰ ਜ਼ਰੂਰੀ ਸਮਾਨ ਲੈ ਕੇ ਗਡੇ ਰਾਹੀਂ ਬਾਕੀ ਕਾਫਲੇ ਦੇ ਨਾਲ ਆਏ। ਜਦੋ ਗਡਾ ਤੁਰਣ ਲਗਾ ਤਾਂ ਭਾਈ ਨਿਹਾਲ ਮਸੀਹ ਜੋ ਸਾਡੇ ਘਰ ਵਿਚ ਸਾਡੇ ਬਾਬਾ ਜੀ (ਦਾਦਾ ਜੀ ਦੇ ਪਿਤਾ) ਦੇ ਸਮੇ ਤੋਂ ਨਾਲ ਕੰਮ ਕਰਦਾ ਆ ਰਿਹਾ ਸੀ, ਉਹ ਅਤੇ ਉਸ ਦਾ 12 ਕੁ ਸਾਲ ਦਾ ਲੜਕਾ ਆਪਣੇਂ ਕੁਝ ਕਪੜੇ ਇਕ ਵੱਡੇ ਸਾਰੇ ਕਪੜੇ ਦੇ ਝੋਲੇ ਵਿਚ ਪਾ ਕੇ ਗਡੇ ਦੇ ਲਾਗੇ ਖੜੇ ਸਨ। ਇੰਨਾਂ ਦੋਵਾਂ ਨੂੰ ਸਿੱਖਾਂ ਅਤੇ ਹਿੰਦੂਆਂ ਦੇ ਪਿੰਡ ਛੱਡ ਕੇ ਜਾਣ ਵਾਲੇ ਲੋਕਾਂ ਦੇ ਨਾਲ ਖੜਾ ਵੇਖ ਕੇ ਸਾਰਾ ਹੀ ਪਿੰਡ ਹੈਰਾਨ ਸੀ। ਬਾਕੀ ਈਸਾਈ ਪ੍ਰੀਵਾਰ ਤਾਂ ਅਰਾਮ ਨਾਲ ਇੰਨਾਂ ਜਾਣ ਵਾਲਿਆ ਵਲ ਵੇਖ ਰਹੇ ਸਨ ਅਤੇ ਉਹਨਾਂ ਨੂੰ ਮਿਲ ਰਹੇ ਸਨ। ਜਦ ਭਾਪਾ ਜੀ ਹਰ ਇਕ ਤੋਂ ਵਿਦਾਈ ਲੈ ਕੇ ਭਾਈ ਨਿਹਾਲ ਮਸੀਹ ਨੂੰ ਮਿਲੇ ਤਾਂ ਉਸ ਦੇ ਜੁਆਬ ਨੂੰ ਸੁਣ ਕੇ ਹੈਰਾਨ ਹੀ ਹੋ ਗਏ ਉਹ ਕਹਿ ਰਿਹਾ ਸੀ ਕਿ ਉਹ ਵੀ ਉਹਨਾਂ ਦੇ ਨਾਲ ਜਾਵੇਗਾ ਪਰ ਭਾਪਾ ਜੀ ਨੇ ਉਸ ਨੂੰ ਅਤੇ ਵਧਾਵੇ ਨੂੰ ਬਹੁਤ ਸਮਝਾਇਆ ਕਿ ਨਿਹਾਲ ਮਸੀਹ ਹਾਲਾਤ ਬਹੁਤ ਖਤਰਨਾਕ ਹਨ, ਸਾਨੂੰ ਵੀ ਕਈ ਖਤਰਿਆ ਦਾ ਸਾਹਮਣਾਂ ਕਰਣਾ ਪੈਣਾ ਹੈ। ਸਾਨੂੰ ਤੇ ਇਹ ਵੀ ਨਹੀ ਪਤਾ ਕਿ ਜਾਣਾ ਕਿਥੇ ਹੈ, ਅਤੇ ਪਹੁੰਚਣਾ ਵੀ ਹੈ ਕਿ ਨਹੀ, ਰੋਜਾਨਾਂ ਬੜੀਆਂ ਭੈੜੀਆਂ-2 ਖਬਰਾਂ ਸੁਣਦੇ ਰਹਿੰਦੇ ਹਾਂ, ਤੂੰ ਆਪਣੀ ਜਿੰਦਗੀ ਨੂੰ ਕਿਉਂ ਖਤਰੇ ਵਿਚ ਪਾ ਰਿਹਾ ਹੈ। ਤੁਸੀ ਹਿੰਦੂ ਸਮਝ ਕੇ ਵੀ ਮਾਰੇ ਜਾਂ ਸਕਦੇ ਹੋ ਅਤੇ ਤੁਸੀ ਮੁਸਲਮਾਨ ਸਮਝ ਕੇ ਵੀ ਮਾਰੇ ਜਾ ਸਕਦੇ ਹੋ ਅਤੇ ਭਾਪਾ ਜੀ ਨੇ ਉਹਨਾਂ ਨੂੰ ਆਪਣੇ ਨਾਲ ਨਾ ਜਾਣ ਦੀ ਹਰ ਦਲੀਲ ਦੇ ਕੇ ਉਥੇ ਹੀ ਰਹਿਣ ਦੀ ਸਲਾਹ ਦਿਤੀ ਸਗੋਂ ਭਾਪਾ ਜੀ ਨੇ ਪਿੰਡ ਦੇ ਲੋਕਾਂ ਕੋਲੋਂ ਵੀ ਉਹਨਾਂ ਨੂੰ ਨਾਲ ਨਾ ਜਾਣ ਦੀਆਂ ਸਲਾਹਾਂ ਦਿਵਾਈਆਂ ਪਰ ਨਿਹਾਲ ਮਸੀਹ ਦੀਆਂ ਅੱਖਾਂ ਵਿਚ ਅਖਰੂ ਸਨ ਅਤੇ ਉਸ ਦਾ ਇਕ ਹੀ ਜਵਾਬ ਸੀ।

"ਇਹ ਕਿਸ ਤਰਾਂ ਹੋ ਸਕਦਾ ਹੈ, ਅਸੀ ਨੰਬਰਦਾਰ ਦਾ ਦੇਣ ਨਹੀ ਦੇ ਸਕਦੇ, ਹਜਾਰਾਂ ਵਾਰ ਉਸ ਨੇ ਸਾਡੀ ਮਦਦ ਕੀਤੀ, ਹਜਾਰਾਂ ਮੁਸੀਬਤਾਂ ਵਿਚੋ ਉਸ ਨੇ ਸਾਨੂੰ ਕਢਿਆ, ਅਜ ਜਦੋਂ ਤੁਸੀਂ ਮੁਸੀਬਤ ਵਿਚ ਹੋ ਤਾਂ ਤੁਹਾਨੂੰ ਛਡ ਕੇ ਚਲਾ ਜਾਵਾਂ ਲਾਹਨਤ ਹੈ ਐਸੀ ਜਿੰਦਗੀ ਤੇ, ਜੇ ਤੁਹਾਡੇ ਨਾਲ ਜਾਂਦਿਆਂ ਅਸੀਂ ਮਰ ਵੀ ਜਾਵਾਂਗੇ ਤਾਂ ਅਸੀ ਇਸ ਨੂੰ ਗਨੀਮਤ ਸਮਝਾਂਗੇ, ਮੈ ਤੁਹਾਨੂੰ ਇਕਲਿਆਂ ਨੂੰ ਨਹੀ ਜਾਣ ਦੇਣਾ ਅਤੇ ਉਹ ਪ੍ਰਾਣੀ ਲੈ ਕੇ ਗਡੇ ਦੇ ਅੱਗੇ ਬੈਠ ਗਿਆ ਅਤੇ ਭਾਪਾ ਜੀ ਅਤੇ ਵਧਾਵਾ ਗਡੇ ਦੇ ਪਿਛੇ ਬੈਠ ਗਏ।"

ਰਸਤੇ ਵਿਚ ਜਦ ਉਹ ਪਿੰਡ ਤੋਂ 8, 10 ਪੈਲੀਆਂ ਆ ਕੇ ਬਾਕੀ ਕਾਫਲੇ ਨਾਲ ਰਲ ਗਏ ਸਨ ਤਾਂ ਭਾਪਾ ਜੀ ਨੇ ਉਹਨਾਂ ਨੂੰ ਵਖਰਿਆਂ ਕਰ ਕੇ ਫਿਰ ਵਾਪਿਸ ਮੁੜ ਜਾਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਬਾਰ-ਬਾਰ ਉਹਨਾਂ ਨੂੰ ਕਿਹਾ ਕਿ ਇਸ ਹਾਲਤ ਵਿਚ ਤਾਂ ਰਿਸ਼ਤੇਦਾਰ ਵੀ ਆਪਣੇ ਰਿਸ਼ਤੇਦਾਰਾਂ ਨੂੰ ਨਹੀ ਪਹਿਚਾਣਦੇ, ਤੁਸੀ ਕਿਉ ਆਪਣੇ ਆਪ ਨੂੰ ਮੁਸੀਬਤ ਵਿਚ ਪਾ ਰਹੇ ਹੋਂ, ਜਾਉ ਅਰਾਮ ਨਾਲ ਜਾ ਕੇ ਆਪਣੇ ਭਰਾਵਾਂ ਨਾਲ ਰਹੋ ਪਰ ਨਿਹਾਲ ਮਸੀਹ ਬਾਜਿਦ ਸੀ।

ਰਸਤੇ ਵਿਚ ਸਿੱਖਾਂ ਹਿੰਦੂਆਂ ਦੇ ਵਾਕਿਫ ਮੁਸਲਿਮ ਜਫੀਆਂ ਪਾ ਕੇ ਇਕ ਦੂਜੇ ਨੂੰ ਮਿਲ ਰਹੇ ਸਨ, ਕਿਸੇ ਨੂੰ ਮਹੌਲ ਦੀ ਸਮਝ ਨਹੀਂ ਸੀ ਲਗ ਰਹੀ। ਉਹਨਾਂ ਦੀਆ ਅੱਖਾਂ ਵਿਚ ਅਥਰੂ ਸਨ ਪਰ ਹਰ ਇਕ ਨੂੰ ਇਸ ਤਰ੍ਹਾਂ ਦੀ ਓਮੀਦ ਸੀ ਕਿ ਛੇਤੀ ਇਹ ਸਭ ਕੁਝ ਠੀਕ ਹੋ ਜਾਵੇਗਾ ਅਤੇ ਉਹ ਵਾਪਿਸ ਮੁੜ ਆਉਣਗੇ, ਅਤੇ ਉਹ ਜਾਣ ਵਾਲੇ ਫਿਰ ਉਹਨਾਂ ਘਰਾਂ ਵਿਚ ਵਾਪਿਸ ਮੁੜ ਆਉਣਗੇ, ਜਿਹੜੇ ਉਹਨਾਂ ਨੇ ਆਪ ਛੱਡੇ ਸਨ। ਘਟੋ ਘੱਟ ਇਹ ਤਾਂ ਹਰ ਇਕ ਨੂੰ ਹੀ ਉਮੀਦ ਸੀ ਕਿ ਉਹ ਅਸਾਨੀ ਨਾਲ ਇਕ ਦੂਜੇ ਨੂੰ ਮਿਲਦੇ ਤਾਂ ਰਹਿਣਗੇ ਹੀ। ਜਾਂਦੇ ਹੋਏ ਉਹ ਪਿਛੇ ਮੁੜ-ਮੜ ਕੇ ਆਪਣੇ ਘਰਾਂ ਦੀਆ ਛੱਤਾਂ ਵਲ ਵੇਖ ਲੈਂਦੇ ਅਤੇ ਫਿਰ ਅਗੇ ਤੁਰ ਪੈਂਦੇ।

ਇਸ ਹੀ ਉਮੀਦ ਵਿਚ ਭਾਈ ਜੀ ਤਿੰਨ ਚਾਰ ਮਹੀਨੇ ਸਾਡੇ ਇਧਰ ਵਾਲੇ ਨਵੇਂ ਘਰ ਵਿਚ ਰਹੇ ਅਤੇ ਇਸ ਸਮੇਂ ਵਿਚ ਉਹ ਅਸਾਨੀ ਨਾਲ ਵਾਪਿਸ ਜਾ ਸਕਦੇ ਸਨ, ਪਰ ਫਿਰ ਆਉਣਾ ਜਾਣਾ ਪਰਮਿਟ ਤੇ ਸ਼ੁਰੂ ਹੋ ਗਿਆ। ਪਰ ਇਹ ਵੀ ਮੁਸ਼ਕਲ ਨਹੀਂ ਸੀ ਅਤੇ ਫਿਰ ਭਾਈਆ ਜੀ ਹੀ ਭਾਈ ਨਿਹਾਲ ਮਸੀਹ ਨੂੰ ਕਹਿਣ ਲਗੇ, ਭਾਈ ਜੀ ਉਥੇ ਵੀ ਤੁਸਾਂ ਹੱਥਾਂ ਨਾਲ ਮਿਹਨਤ ਕਰਣੀ ਹੈ ਅਤੇ ਇਧਰ ਵੀ, ਜੇ ਤੇਰਾ ਦਿਲ ਕਰਦਾ ਹੈ ਤਾਂ ਤੂੰ ਇਥੇ ਹੀ ਰਹਿ ਪਉ ਅਤੇ ਭਾਈਆ ਜੀ ਨੇ ਉਹਨਾਂ ਨੂੰ ਅਲਾਟ ਹੋਏ ਘਰਾਂ ਵਿਚੋਂ ਇਕ ਕਨਾਲ ਜਗਾਹ, ਮਲਬਾ ਅਤੇ ਪੈਸੇ ਦੇ ਕੇ ਉਨਾਂ ਦਾ ਘਰ ਬਣਵਾ ਦਿਤਾ ਅਤੇ ਉਹ ਉਥੇ ਹੀ ਪੱਕੇ ਤੌਰ ਤੇ ਰਹਿਣ ਲੱਗ ਪਿਆ। ਵਧਾਵੇ ਦੀ ਸ਼ਾਦੀ ਹੋ ਗਈ, ਭਾਈ ਜੀ ਪੋਤਰੇ, ਪੋਤਰੀਆਂ ਵਾਲੇ ਬਣ ਗਏ, ਪਰ ਫਿਰ ਉਹਨਾਂ ਨੂੰ ਆਪਣੇ ਘਰ ਅਤੇ ਭਰਾਵਾਂ ਦੀ ਯਾਦ ਆਉਣ ਲਗ ਪਈ।

ਉਸ ਨੇ ਪਾਸਪੋਰਟ ਬਨਾਉਣ ਦੀ ਕੋਸ਼ਿਸ਼ ਕੀਤੀ, ਕਦੀ ਜਨਮ ਤਰੀਕ ਦੀ ਗਲਤੀ, ਕਦੀ ਕੋਈ ਤਰੁਟੀ ਅਤੇ ਫਿਰ ਉਹ ਕੋਸ਼ਿਸ਼ ਛੱਡ ਦਿੰਦਾ। ਉਹਨਾਂ ਦਿਨਾਂ ਵਿਚ ਪਾਸਪੋਰਟ ਵੀ ਦਿੱਲੀ ਤੋਂ ਬਣਦੇ ਸਨ, ਫਿਰ ਉਹ ਭੁਲ ਜਾਂਦਾ ਪਰ ਕੋਈ ਚਾਰ ਮਹੀਨੇ ਫਿਰ ਕਹਿਣ ਲਗ ਪੈਂਦਾ ਰਾਤੀ ਸੁਪਨੇ ਵਿਚ ਮੈਨੂੰ ਮੇਰੇ ਅਬਾ ਮਿਲੇ ਸਨ, ਉਹ ਕਹਿੰਦੇ ਸਨ ਤੈਨੂੰ 96 ਦੀਆਂ ਕਬਰਾਂ ਉਡੀਕਦੀਆਂ ਹਨ, ਆਪਣੇ ਭਰਾਵਾਂ ਕੋਲ ਕਿਉਂ ਨਹੀ ਜਾਂਦਾ, ਜਾ ਅਤੇ ਆਪਣੇ ਭਰਾਵਾਂ ਦੇ ਨਾਲ ਦੀਆਂ ਕਬਰਾਂ ਵਿਚ ਅਰਾਮ ਕਰ।

ਕੁਝ ਦਿਨਾਂ ਬਾਦ ਭੁਲ ਜਾਂਦੇ, ਫਿਰ ਸਭ ਕੁਝ ਭੁਲ ਜਾਂਦਾ ਕੁਝ ਦਿਰ ਬਾਦ ਫਿਰ ਮਿਲਣ ਦੀ ਖਾਹਿਸ਼ ਪੈਦਾ ਹੁੰਦੀ, ਪਾਸਪੋਰਟ ਬਨਾਉਣਾ ਸ਼ੁਰੂ ਹੁੰਦਾ, ਪਰ ਅਧੇ ਮਨ ਨਾਲ ਸ਼ੁਰੂ ਹੋਈ ਕੋਸ਼ਿਸ਼ ਫਿਰ ਵਿਚ ਹੀ ਛੱਡ ਦਿਤੀ ਜਾਦੀ ਅਤੇ ਅਖੀਰ ਉਸ ਨੇ ਜਿਵੇਂ ਇਸ ਤਰਾਂ ਦੀ ਆਪਣੇ ਵਿਛੜੇ ਪ੍ਰੀਵਾਰ ਨੂੰ ਮਿਲਣ ਦੀ ਖਾਹਿਸ਼ ਨੂੰ ਛੱਡ ਹੀ ਦਿੱਤਾ, ਹਾਂ ਜੇ ਕਿਤੇ ਹੋਵੇਗੀ ਤਾਂ ਇਹ ਉਸ ਦੇ ਦਿਲ ਤਕ ਹੀ ਸੀ, ਉਸ ਨੇ ਕਦੀ ਕਿਸੇ ਨੂੰ ਇਸ ਤਰਾਂ ਦੀ ਖਾਹਿਸ਼ ਬਾਰੇ ਨਾ ਦਸਿਆ ਸੀ ਅਤੇ ਨਾਂ ਕਿਸੇ ਨੇ ਇਸ ਸਬੰਧੀ ਉਸ ਨੂੰ ਪੁੱਛਿਆ ਹੀ ਸੀ।

1971 ਦੇ ਦਸੰਬਰ ਵਿਚ ਭਾਈਆ ਜੀ ਨੂੰ ਬਰੇਨ ਹੈਮਰੇਜ ਹੋ ਗਈ, ਉਹਨਾਂ ਦਾ ਮੰਜਾਂ ਬਾਹਰ ਵਿਹੜੇ ਵਿਚ ਧੁੱਪੇ ਡਾਹ ਦਿਤਾ। ਮੈ ਉਸ ਦਿਨ ਕੋਈ ਹੋਰ ਕੰਮ ਨਾ ਕੀਤਾ। ਡਾਕਟਰ ਆਇਆ ਤਾਂ ਸੀ ਪਰ ਉਹ ਜੁਆਬ ਦੇ ਗਿਆ। ਭਾਈਆ ਜੀ ਹਰ ਇਕ ਵਲ ਟਿਕ-ਟਿਕੀ ਲਗਾ ਕੇ ਵੇਖਦੇ ਸਨ ਪਰ ਉਹ ਬੋਲ ਨਹੀ ਸਨ ਸਕਦੇ। ਬੋਲਣ ਦੀ ਕੋਸ਼ਿਸ਼ ਵੀ ਨਹੀਂ ਸਨ ਕਰਦੇ। ਜਦ ਨਿਹਾਲ ਮਸੀਹ ਨੂੰ ਪਤਾ ਲਗਾ ਤਾਂ ਉਹ ਸਭ ਕੰਮ ਛੱਡ ਕੇ ਆ ਗਿਆ ਅਤੇ ਭਾਈਆ ਜੀ ਦੀਆਂ ਲੱਤਾਂ ਘੁਟਣ ਲਗ ਪਿਆ। ਭਾਈਆ ਜੀ ਉਸ ਵਲ ਵੀ ਟਿਕ-ਟਿਕੀ ਲਗਾ ਕੇ ਵੇਖ ਰਹੇ ਸਨ। ਮੈ ਵੇਖਿਆ ਭਾਈਆ ਜੀ ਦੀਆਂ ਅੱਖਾਂ ਵਿਚ ਅੱਥਰੂ ਨਿਕਲ ਆਏ ਸਨ ਮੈ ਜ਼ਿੰਦਗੀ ਵਿਚ ਪਹਿਲੀ ਵਾਰ ਭਾਈਆ ਜੀ ਦੀਆਂ ਅੱਖਾਂ ਵਿਚ ਅਥਰੂ ਵੇਖੇ ਸਨ। ਜਿੰਦਗੀ ਵਿਚ ਉਹਨਾਂ ਕਦੀ ਹਾਰ ਨਹੀਂ ਮੰਨੀ ਸੀ, ਵੱਡੀਆਂ-ਵੱਡੀਆਂ ਮੁਸੀਬਤਾਂ ਵਿਚੋਂ ਹੱਸ ਕੇ ਨਿਕਲੇ ਸਨ। 10 ਮੁਰਬੇ ਜ਼ਮੀਨ ਬਨਾਉਣੀ, ਉਹ ਘਰ ਜਿਸ ਦੇ ਬਰਾਂਡੇ ਵਿਚ ਹੀ 100 ਮੰਜੀ ਡਠ ਜਾਂਦੀ ਹੁੰਦੀ ਸੀ ਹਵੇਲੀਆਂ, ਘੋੜੀਆਂ, ਨੌਕਰ, ਚਾਕਰ ਅਤੇ ਉਸ ਸਮੇਂ ਜਦੋ ਅਜੇ ਟਰੈਕਟਰ ਸ਼ੁਰੂ ਨਹੀ ਸਨ - 11 ਹਲਾਂ, ਦੀ ਵਾਹੀ ........ਨਿਹਾਲ ਮਸੀਹ ਉਹਨਾਂ ਨੂੰ ਘੁਟੀ ਜਾ ਰਿਹਾ ਸੀ।

ਰਾਤ ਮੰਜਾਂ ਅੰਦਰ ਲੈ ਗਏ, 10 ਕੁ ਵਜੇ ਭਾਈ ਨਿਹਾਲ ਮਸੀਹ ਫਿਰ ਆਇਆ, ਉਸ ਦੇ ਹੱਥ ਵਿਚ ਬਾਈਬਲ ਸੀ ਜਿਸ ਨੂੰ ਬਹੁਤ ਖੂਬਸੂਰਤ ਕਪੜੇ ਵਿਚ ਲਪੇਟਿਆ ਹੋਇਆ ਸੀ। ਉਹ ਬਾਰ-2 ਬਾਈਬਲ ਨੂੰ ਸਿਰ ਤੇ ਰਖਦਾ ਅਤੇ ਮੂੰਹ ਵਿਚ ਕੁਝ ਬੋਲਦਾ, ਸ਼ਾਇਦ ਉਹ ਪ੍ਰਾਥਨਾ ਕਰਦਾ ਸੀ। ਮੈਂ ਜਾਣਦਾ ਸਾਂ ਕਿ ਭਾਈ ਜੀ ਪੜ੍ਹ ਤਾਂ ਸਕਦੇ ਨਹੀ ਪਰ ਉਹ ਪੈਰਾਂ ਭਾਰ ਥੱਲੇ ਬੈਠੇ ਹੋਏ ਸਨ ਅਤੇ ਅੱਖਾਂ ਬੰਦ ਕਰਕੇ ਕਈ ਵਾਰ ਮੂੰਹ ਵਿਚ ਕੁਝ ਬੋਲਦੇ ਸਨ। ਭਾਪਾ ਜੀ ਨੇ ਬੜੀ ਕੋਸ਼ਿਸ਼ ਕੀਤੀ ਕਿ ਉਹ ਮੰਜੇ ਤੇ ਜਾਂ ਕੁਰਸੀ ਤੇ ਬੈਠ ਜਾਵੇ ਪਰ ਉਹ ਨਾਹ ਕਰ ਦਿੰਦੇ ਸਨ। ਰਾਤ ਨੂੰ ਭਾਈਆ ਜੀ ਸਵਰਗਵਾਸ ਹੋ ਗਏ। ਨਿਹਾਲ ਮਸੀਹ ਨੇ ਦੂਸਰੇ ਦਿਨ ਵੀ ਕੁਝ ਨਾ ਖਾਧਾ ਅਤੇ ਉਹਨਾਂ ਦੇ ਸੰਸਕਾਰ ਤਕ ਉਹ ਭਾਈਆ ਜੀ ਦੀ ਮੰਜੀ ਦੇ ਕੋਲ ਬੈਠਾ ਰਿਹਾ।

1995 ਤਕ ਜਦੋਂ ਕਿ ਨਿਹਾਲ ਮਸੀਹ ਦੀ ਮੌਤ ਹੋ ਗਈ ਉਹ ਤਕਰੀਬਨ 100 ਸਾਲ ਦੇ ਕਰੀਬ ਸੀ। ਉਹ ਭਾਈਆਂ ਜੀ ਨੂੰ ਹਮੇਸ਼ਾ ਯਾਦ ਕਰਦਾ ਰਹਿੰਦਾ ਸੀ। ਹੁਣ ਉਸ ਦੇ ਆਪਣੇ ਭਰਾਵਾਂ, ਭਤੀਜਿਆਂ ਨੂੰ ਮਿਲਣ ਦੀ ਕੋਸ਼ਿਸ਼ ਵੀ ਛਡ ਦਿਤੀ ਸੀ ਜੇ ਕੋਈ ਉਸ ਨੂੰ ਪੁਛਦਾ ਵੀ ਤਾਂ ਉਹ ਕਹਿ ਦਿੰਦਾ ਕਿ ਪਤਾ ਨਹੀ ਉਹਨਾਂ ਵਿਚੋ ਕੋਈ ਹੋਵੇਗਾ ਵੀ ਕਿ ਨਹੀਂ, ਹੁਣ ਉਹਨਾਂ ਨੂੰ ਕੀ ਮਿਲਣਾ ਹੈ, ਹੁਣ ਤਾਂ ਕਈ ਸਾਲਾਂ ਤੋ ਕੋਈ ਚਿਠੀ ਪਤਰ ਵੀ ਨਹੀ ਆਇਆਂ ਚਲੋਂ ਜੇ ਹੋਣ ਤਾਂ ਸੁਖੀ ਰਹਿਣ, ਹੁਣ ਤਾਂ ਮੈਂ ਉਹਨਾਂ ਨੂੰ ਪਹਿਚਾਣ ਵੀ ਨਹੀਂ ਸਕਦਾ।

ਪਿਛੇ ਜਿਹੇ ਜਦੋਂ ਮੇਰਾ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਿਆ ਤਾਂ ਮੈਂ ਉਚੇਚਾ ਭਾਪਾ ਜੀ ਨੂੰ ਮਿਲਣ ਪਿੰਡ ਗਿਆ ਤਾਂ ਕਿ ਆਪਣੇ ਪਿਛਲੇ ਪਿੰਡ ਦੇ ਲੋਕਾਂ ਦੇ ਨਾਂ ਪਤੇ ਲੈ ਸਕਾਂ ਅਤੇ ਉਹਨਾਂ ਨੂੰ ਮਿਲ ਸਕਾ। ਮੈਂ ਉਚੇਚੇ ਤੌਰ ਤੇ ਵਧਾਵੇ ਨੂੰ ਸਦਿਆ। ਉਸ ਦੇ ਚਾਚਿਆ ਅਤੇ ਉਹਨਾਂ ਦੇ ਪੁਤਰਾਂ ਦੇ ਨਾਂ ਆਪਣੀ ਡਾਇਰੀ ਵਿਚ ਲਿਖੇ। ਵਧਾਵੇ ਨੇ ਵੀ ਮੈਨੂੰ ਜਰੂਰੀ ਤਾਕੀਦ ਕੀਤੀ ਕਿ ਮੈਂ ਜਰੂਰ ਉਸ ਦੇ ਚਾਚਿਆਂ ਅਤੇ ਉਹਨਾਂ ਦੇ ਪੁਤਰਾਂ ਨੂੰ ਮਿਲ ਕੇ ਆਵਾਂ ਅਤੇ ਉਹਨਾਂ ਦਾ ਹਾਲ ਚਾਲ ਪੁਛ ਕੇ ਆਵਾਂ। ਆਪਣੇ ਪਿਛਲੇ ਪਿੰਡ ਚਕ ਨੰਬਰ 96 ਵਿਚ ਜਦੋਂ ਮੈਂ ਪਿੰਡ ਦੇ ਚੌਕ ਵਿਚ ਹੋਰ ਵਿਅਕਤੀਆ ਦੇ ਨਾਂ ਦਸੇ ਅਤੇ ਫਿਰ ਮੈਂ ਨਿਹਾਲ ਮਸੀਹ ਦੇ ਭਰਾਵਾਂ ਅਤੇ ਭਤੀਜਿਆਂ ਬਾਰੇ ਪੁਛਿਆਂ। ਪਤਾ ਲੱਗਾ ਕਿ ਨਿਹਾਲ ਮਸੀਹ ਦੇ ਭਰਾ ਤਾਂ ਹੁਣ ਇਸ ਦੁਨੀਆਂ ਵਿਚ ਨਹੀਂ ਪਰ ਉਸ ਦੇ ਭਤੀਜੇ ਹਨ ਅਤੇ ਇਕ ਆਦਮੀ ਉਹਨਾਂ ਨੂੰ ਲੈਣ ਚਲਾ ਗਿਆ। ਉਹਨਾਂ ਵਿਚੋਂ ਅਜੀਜ ਮਸੀਹ ਜੋ ਤਕਰੀਬਨ 70 ਕੁ ਸਾਲ ਦਾ ਸੀ, ਉਨਾ ਨੇ ਆਉਦਿਆਂ ਹੀ ਸਭ ਤੋਂ ਪਹਿਲੇ ਆਪਣੇ ਤਾਏ ਬਾਰੇ ਅਤੇ ਵਧਾਵਾ ਮਸੀਹ ਬਾਰੇ ਪੁਛਿਆ। ਉਹ ਲਗਾਤਾਰ ਕਹੀ ਜਾ ਰਿਹਾ ਸੀ ਕਿ ਅਸੀ ਆਪਣੇ ਅਬਾ ਅਤੇ ਚਾਚਿਆਂ ਕੋਲੋਂ ਤੁਹਾਡੇ ਬਾਰੇ ਅਤੇ ਤਾਏ ਬਾਰੇ ਸੁਣਦੇ ਰਹੇ ਹਾਂ। ਅਬਾ ਜੀ ਕਹਿੰਦੇ ਹੁੰਦੇ ਸਨ, ਉਹ ਜਿਸ ਪ੍ਰੀਵਾਰ ਦੇ ਨਾਲ ਗਿਆ ਹੈ ਉਹ ਉਹਨੂੰ ਫੁਲਾਂ ਵਾਂਗ ਰਖਣਗੇ। ਮੈਂ ਜਦੋ ਉਸ ਨੂੰ ਉਸ ਦੇ ਤਾਏ ਦੀ ਮੌਤ ਬਾਰੇ ਦਸਿਆਂ ਤਾਂ ਉਹ ਆਪ ਹੀ ਕਹਿਣ ਲਗਾ ਕਿ ਜਦੋਂ ਉਹ ਇਧਰੋਂ ਗਿਆ ਸੀ, ਉਦੋਂ ਹੀ ਉਸ ਦੀ ਉਮਰ 60 ਸਾਲ ਤੋਂ ਉਪਰ ਸੀ, ਪਰ ਉਹ ਬਹੁਤ ਹਿੰਮਤੀ ਆਦਮੀ ਸੀ। ਸਾਰਾ ਹੀ ਪਿੰਡ ਉਸ ਦੀ ਹਿੰਮਤ ਅਤੇ ਹੌਸਲੇ ਦੀਆਂ ਗਲਾਂ ਕਰਦੇ ਹੁੰਦੇ ਸਨ। ਸਾਰਾ ਹੀ ਪਿੰਡ ਤਾਏ ਨੂੰ ਯਾਦ ਕਰਦਾ ਹੁੰਦਾ ਸੀ ਅਤੇ ਇਹ ਗਲ ਵੀ ਉਹ ਕਰਦੇ ਹੁੰਦੇ ਸਨ ਕਿ ਉਹ ਉਧਰ ਗਿਆ ਹੀ ਕਿਉਂ, ਸਾਰੀ ਉਮਰ ਹੀ ਪ੍ਰੀਵਾਰ ਨੂੰ ਨਹੀਂ ਮਿਲਿਆ ਇਧਰ ਉਸ ਦੇ ਪ੍ਰੀਵਾਰ ਦੇ 70-80 ਜੀਅ ਹਨ।

ਮੈਂ ਅਜੀਜ ਦੇ ਨਾਲ ਉਹਨਾਂ ਦੇ ਘਰ ਆ ਗਿਆ। ਉਹਨਾਂ ਦੇ ਘਰ ਦੀਆਂ ਔਰਤਾਂ ਅਤੇ ਬੱਚੇ ਮੈਨੂੰ ਵੇਖ ਕੇ ਹੈਰਾਨ ਸਨ। ਪਰ ਜਦੋ ਅਜੀਜ ਨੇ ਉਹਨਾਂ ਨੂੰ ਦਸਿਆ ਕਿ ਇਹ ਤਾਏ ਦੇ ਪਿੰਡੋਂ ਆਏ ਹਨ ਤਾਂ ਸਾਰਾ ਹੀ ਪ੍ਰੀਵਾਰ ਮੇਰੇ ਇਰਦ ਗਿਰਦ ਜਮਾਂ ਹੋ ਗਿਆ। ਇਹ ਘਰ ਵੀ ਸਧਾਰਣ ਜਿਹਾ ਕੱਚਾ ਪੱਕਾ ਘਰ ਸੀ ਜਿਸ ਤਰ੍ਹਾਂ ਦਾ ਇਧਰ ਵਧਾਵੇ ਦਾ ਘਰ ਹੈ। ਉਹ ਮੇਰੇ ਤੋਂ ਬਹੁਤ ਕੁਝ ਪੁੱਛ ਲੈਣਾ ਚਾਹੁੰਦੇ ਸਨ। ਹਰ ਕੋਈ ਪਹਿਲਾਂ ਭਾਈ ਨਿਹਾਲ ਮਸੀਹ ਬਾਰੇ ਅਤੇ ਫਿਰ ਵਧਾਵੇ ਬਾਰੇ ਉਸ ਦੇ ਬੱਚਿਆਂ ਬਾਰੇ ਬੜੀ ਉਤਸੁਕਤਾ ਨਾਲ ਪੁੱਛ ਰਹੇ ਸਨ, ਔਰਤਾਂ ਵੀ ਬਹੁਤ ਕੁਝ ਪੁਛਦੀਆਂ ਸਨ। ਜਦੋਂ ਮੈਂ ਦੱਸਿਆ ਕਿ ਭਾਵੇਂ ਉਹ ਤੁਹਾਡੇ ਤੋਂ ਵਿਛੜਿਆ ਰਿਹਾ ਹੈ ਪਰ ਹੁਣ ਉਸਦਾ ਪ੍ਰੀਵਾਰ ਵੀ 70-80 ਜੀਆਂ ਵਾਲਾ ਹੋ ਗਿਆ ਹੈ, ਉਸ ਦੇ ਤਾਂ ਪ੍ਰੋਤੜੇ ਵੀ ਵਿਆਹੁਣ ਵਾਲੇ ਹੋ ਗਏ ਹਨ। ਉਹਨਾਂ ਦੇ ਸੁਆਲ ਜਿਆਦਾ ਸਨ ਅਤੇ ਜੁਆਬ ਦੇਣ ਵਾਲਾ ਮੈਂ ਇਕੱਲਾ ਸਾਂ, ਉਹ ਤਾਂ ਜਿਵੇਂ 60 ਸਾਲਾਂ ਦੀਆਂ ਗਲਾਂ ਹੀ ਪੁਛ ਲੈਣਾ ਚਾਹੁੰਦੇ ਸਨ। ਮੈਂ ਮਹਿਸੂਸ ਕਰਦਾ ਸਾਂ ਕਿ ਇਨਾਂ ਵਿਚੋਂ ਘਟ ਹੀ ਪੜ੍ਹੇ ਲਿਖੇ ਹਨ ਅਤੇ ਜਿਆਦਾਤਰ ਹੱਥੀਂ ਕਿਰਤ ਤੇ ਨਿਰਭਰ ਕਰਦੇ ਹਨ। ਇੰਨੇ ਨੂੰ ਅਜੀਜ ਅੰਦਰੋਂ 2 ਥਾਲੀਆਂ ਅਤੇ ਦੋ ਗਲਾਸ ਲੈ ਆਇਆ ਅਤੇ ਉਸਨੇ ਉਰਦੂ ਵਿਚ ਉਹਨਾਂ ਭਾਂਡਿਆਂ ਤੇ ਭਾਈ ਨਿਹਾਲ ਮਸੀਹ ਦੇ ਨਾਂ ਲਿਖੇ ਦਿਖਾਏ। ਮੈਂ ਹੈਰਾਨ ਸਾਂ ਕਿ ਪਿਛਲੇ 60 ਸਾਲਾਂ ਤੋਂ ਇੰਨਾਂ ਨੇ ਇਹ ਭਾਂਡੇ ਸਾਂਭ ਕੇ ਰੱਖੇ ਹੋਏ ਹਨ। ਉਹ ਦਸ ਰਹੇ ਸਨ ਕਿ ਤਾਇਆ ਤਾਂ ਆਪਣਾ ਸਭ ਕੁਝ ਹੀ ਇਧਰ ਛੱਡ ਗਿਆ ਸੀ, ਘਰ, ਮੰਜੇ, ਬਿਸਤਰੇ, ਭਾਂਡੇ ਅਤੇ ਸਭ ਕੁਝ ਬੜਾ ਚਿਰ ਤਾਏ ਦੇ ਆਉਣ ਨੂੰ ਉਸ ਦੇ ਭਰਾ ਉਡੀਕਦੇ ਰਹੇ। ਰੋਜ ਉਹ ਦਸਦੇ ਹੁੰਦੇ ਸਨ, ਤਾਏ ਦਾ ਸੁਪਨਾ ਆਇਆ ਹੈ। ਤਾਏ ਦੀਆਂ ਗੱਲਾ ਕਰਦੇ ਰਹਿੰਦੇ ਸਨ। ਪਰ ਇਹ ਕਿਸ ਤਰ੍ਹਾਂ ਦੀ ਵੰਡ ਸੀ। ਆਉਣਾ ਜਾਣਾ ਇੰਨਾ ਮੁਸ਼ਕਲ, ਜਿੰਦਗੀ ਵਿਚ ਫਿਰ ਕਦੀ ਵੀ ਨਾ ਮਿਲ ਸਕੇ। ਮੈਂ ਅਜੀਜ ਨੂੰ ਕਿਹਾ ਉਹ ਇਹ ਭਾਂਡੇ ਮੈਨੂੰ ਦੇ ਦੇਵੇ ਮੈਂ ਵਧਾਵੇ ਨੂੰ ਦਿਖਾਵਾਂਗਾ। ਉਸ ਦੀ ਪਤਨੀ ਅੰਦਰੋਂ ਇਕ ਬਹੁਤ ਹੀ ਖੂਬਸੂਰਤ ਫੁਲਾਂ ਦਾ ਕਢਿਆ ਹੋਇਆ ਝੋਲਾ ਲੈ ਆਈ ਅਤੇ ਉਸਨੇ ਭਾਂਡੇ ਉਸ ਵਿਚ ਪਾ ਦਿੱਤੇ।

ਹੁਣ ਅਜੀਜ ਚੁਪ ਸੀ, ਜਦੋਂ ਮੈਂ ਕੋਈ ਗੱਲ ਅਜੀਜ ਤੋਂ ਪੁੱਛਦਾ ਤਾਂ ਜਿਵੇਂ ਉਸ ਦਾ ਧਿਆਨ ਕਿਤੇ ਹੋਰ ਹੋਵੇ। ਇੰਨੇ ਨੂੰ ਨਾਲ ਦੇ ਘਰਾਂ ਦੇ ਲੋਕ ਵੀ ਉਹਨਾਂ ਦੇ ਵਿਹੜੇ ਵਿਚ ਆ ਗਏ ਸਨ। ਕੁਝ ਲੋਕ ਕੋਠਿਆਂ ਤੇ ਬੈਠੇ ਸਨ। ਅਜੀਜ ਦੀ ਘਰਵਾਲੀ ਉਹਨਾਂ ਨੂੰ ਦਸ ਰਹੀ ਸੀ, "ਤਾਏ ਦੇ ਪਿੰਡੋਂ ਆਏ ਨੇ" ਅਤੇ ਅਖੀਰ ਫਰੂਕ ਨੇ ਮੈਨੂੰ ਚਿਤਾਵਨੀ ਦਿੱਤੀ ਕਿ ਮੁਲਤਾਨ ਵਾਲੀ ਬਸ ਇਕ ਵਜੇ ਜਾਣੀ ਹੈ ਅਤੇ ਉਸ ਤੋਂ ਬਾਅਦ ਮੁਲਤਾਨ ਨਹੀਂ ਜਾਇਆ ਜਾ ਸਕਣਾ। ਉਸ ਦਿਨ ਹੀ ਮੁਲਤਾਨ ਪਹੁੰਚਣਾ ਮੇਰੀ ਮਜਬੂਰੀ ਸੀ ਕਿਉਂ ਜੋ ਮੈਂ ਡੈਲੀਗੇਸ਼ਨ ਦੇ ਬਾਕੀ ਮੈਂਬਰਾਂ ਨੂੰ ਮਿਲਣਾ ਸੀ। ਮੈਂ ਵੇਖ ਰਿਹਾ ਸਾਂ ਕਿ ਅਜੀਜ ਬਿਲਕੁਲ ਹੀ ਚੁਪ ਸੀ।

ਅਖੀਰ ਮੈਂ ਛੁੱਟੀ ਲਈ ਅਤੇ ਝੋਲਾ ਹੱਥ ਵਿਚ ਫੜ ਕੇ ਬੂਹੇ ਵਲ ਹੋਇਆ। ਅਜੀਜ ਨੇ ਮੇਰਾ ਹੱਥ ਫੜਿਆ ਹੋਇਆ ਸੀ, ਬੂਹੇ ਤੇ ਆ ਕੇ ਮੈਂ ਉਸ ਨੂੰ ਫਿਰ ਜਫੀ ਪਾ ਲਈ ਪਰ ਮੈਂ ਵੇਖਿਆ, ਉਹ ਅੱਖਾਂ ਵਿਚੋਂ ਅਥਰੂ ਕੇਰਣ ਲੱਗ ਪਿਆ ਅਤੇ ਮੇਰਾ ਹੱਥ ਘੁੱਟ ਕੇ ਮੈਨੂੰ ਕਹਿਣ ਲੱਗਾ "ਸਰਦਾਰ ਜੀ ਇਹ ਭਾਂਡੇ ਦੇ ਦਿਉ, ਇਹ ਤਾਏ ਦੀ ਨਿਸ਼ਾਨੀ ਹੈ। ਅਸੀਂ ਤਾਂ ਇੰਨਾਂ ਨੂੰ ਵੇਖ ਕੇ ਤਾਏ ਨੂੰ ਯਾਦ ਕਰਦੇ ਹਾਂ ......... ਅਤੇ ਫਿਰ ਉਹ ਕੁਝ ਨਾ ਬੋਲ ਸਕਿਆ ਅਤੇ ਮੇਰੇ ਕੋਲੋਂ ਵੀ ਕੋਈ ਗੱਲ ਨਾ ਹੋਈ।


## ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ



For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

